



ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਐਤਵਾਰ, 6 ਅਗਸਤ 2023 ਮੁੱਖ ਸੰਪਾਦਕ - ਅਮਨ ਮਹਿਰਾ (ਜਲੰਧਰ)





ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਪਿਆਰ ਅਤੇ ਸਹਿਯੋਗ ਦਾ ਦਿਲੋਂ ਧੰਨਵਾਦ

ਮੁੱਖ ਸੰਪਾਦਕ :- ਅਮਨਦੀਪ ਮਹਿਰਾ

R.N.I. Punpun/29016/2008 ✫ ਸਾਲ : 15 ✫ ਅੰਕ : 150 ✫ ਮੁੱਲ : 5.00 ਰੁਪਏ ✫ ਕੁੱਲ ਪੇਜ਼ : 9 ✫ ਫੈਕਸ : 0181-2211009 ✫ M. 99155-94111




## ਚੀਨ 'ਚ ਹੜ੍ਹ ਨੇ ਮਚਾਈ ਤਬਾਹੀ

# ਦਰਜਨਾਂ ਲੋਕ ਹੋਏ ਮੌਤ ਦਾ ਸ਼ਿਕਾਰ, ਸੈਂਕੜੇ ਲਾਪਤਾ

**• ਚੀਨ**

ਭਾਰੀ ਮੀਂਹ ਅਤੇ ਹੜ੍ਹ ਦੀ ਲਪੇਟ ਵਿੱਚ ਹੈ। ਹੜ੍ਹ ਨੇ ਚੀਨ ਦੇ ਕਈ ਸ਼ਹਿਰਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ।ਹੁਣ ਤੱਕ ਵੱਖ-ਵੱਖ ਇਲਾਕਿਆਂ 'ਚ ਹੜ੍ਹਾਂ ਕਾਰਨ ਸੈਂਕੜੇ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ ਹਜ਼ਾਰਾਂ ਲੋਕ ਲਾਪਤਾ ਹਨ।ਲੱਖਾਂ ਲੋਕਾਂ ਨੂੰ ਬਚਾ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਘਰ, ਦੁਕਾਨਾਂ, ਅਦਾਰੇ ਸਭ ਚੀਨ ਵਿੱਚ ਹੜ੍ਹ ਦਾ ਸ਼ਿਕਾਰ ਹੋ ਗਏ ਹਨ। ਰਾਜਧਾਨੀ ਬੀਜਿੰਗ ਤੋਂ ਲੈ ਕੇ ਹੋਰ ਵੱਡੇ ਸ਼ਹਿਰਾਂ ਦੇ ਰੇਲਵੇ ਸਟੇਸ਼ਨ ਅਤੇ ਹਵਾਈ ਅੱਡੇ ਤੱਕ ਪਾਣੀ ਵਿੱਚ ਡੁੱਬ ਗਏ ਹਨ ਜਾਂ ਪਾਣੀ ਭਰਨ ਕਾਰਨ ਉਨ੍ਹਾਂ ਨੂੰ ਕੰਮ ਬੰਦ ਕਰਨਾ ਪਿਆ ਹੈ।ਚੀਨੀ ਲੋਕਾਂ ਦਾ ਆਮ ਜੀਵਨ ਹਫੜਾ-ਦਫੜੀ ਵਾਲਾ ਹੋ ਗਿਆ ਹੈ। ਚੀਨ ਦੇ ਉੱਤਰ-ਪੂਰਬ 'ਚ ਸ਼ਨੀਵਾਰ ਨੂੰ ਵੀ ਤੂਫਾਨ ਡੌਕਸੂਰੀ ਦੇ ਕਾਰਨ ਬਾਰਿਸ਼ ਜਾਰੀ ਰਹੀ ਕਿਉਂਕਿ ਪ੍ਰਸ਼ਾਸਨ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਹਜ਼ਾਰਾਂ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ।ਅਧਿਕਾਰੀਆਂ ਨੇ ਕਈ ਲੋਕਾਂ ਦੇ ਮਾਰੇ ਜਾਣ ਅਤੇ ਕਈਆਂ ਦੇ ਲਾਪਤਾ ਹੋਣ ਦੀ ਜਾਣਕਾਰੀ ਦਿੱਤੀ ਹੈ। ਜਿਲਿਨ ਸੂਬੇ ਦੇ ਸ਼ੁਲਾਨ ਸ਼ਹਿਰ ਵਿੱਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 5 ਹੋਰ ਲਾਪਤਾ ਹੋ ਗਏ।ਉੱਥੇ ਪਿਛਲੇ 5 ਦਿਨਾਂ ਤੋਂ ਮੀਂਹ ਪੈ ਰਿਹਾ ਹੈ।ਸਥਾਨਕ ਆਫ਼ਤ ਰਾਹਤ ਏਜੰਸੀ ਨੇ ਦੱਸਿਆ ਕਿ 7,00,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਇਆ ਗਿਆ ਹੈ।

## ਯਾਤਰੀਆਂ ਨਾਲ ਭਰੀ ਬੱਸ ਨਦੀ 'ਚ ਡਿੱਗੀ



**ਝਾਰਖੰਡ :** ਦੇ ਗਿਰੀਡੀਹ 'ਚ ਇਕ ਬੱਸ ਨਦੀ 'ਚ ਡਿੱਗ ਗਈ। ਬੱਸ ਰਾਂਚੀ ਤੋਂ ਗਿਰੀਡੀਹ ਜਾ ਰਹੀ ਸੀ। ਇਸੇ ਦਰਮਿਆਨ ਇਹ ਹਾਦਸਾ ਵਾਪਰ ਗਿਆ।ਪੁਲਸ ਅਤੇ ਸਥਾਨਕ ਲੋਕਾਂ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਰਾਹਤ ਕਾਰਜ ਸ਼ੁਰੂ ਕਰ ਦਿੱਤਾ ਹੈ। ਬੱਸ 'ਚ ਤਕਰੀਬਨ 30 ਲੋਕ ਸਵਾਰ ਸਨ। ਬੱਸ ਡਿੱਗਦੇ ਹੀ ਪੂਰੇ ਇਲਾਕੇ 'ਚ ਹਫੜਾ-ਦਫੜੀ ਦਾ ਮਾਹੌਲ ਪੈਦਾ ਹੋ ਗਿਆ।ਸੂਚਨਾ ਮਿਲਣ 'ਤੇ ਪੁਲਸ ਸਮੇਤ ਸਥਾਨਕ ਲੋਕ ਮੌਕੇ 'ਤੇ ਪਹੁੰਚ ਗਏ ਹਨ। ਬਚਾਅ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ।ਦੱਸਿਆ ਜਾ ਰਿਹਾ ਹੈ ਕਿ ਰਾਂਚੀ ਤੋਂ ਗਿਰੀਡੀਹ ਜਾ ਰਹੀ ਆਲੀਸ਼ਾਨ (ਸਮਰਾਟ) ਨਾਂ ਦੀ ਬੱਸ ਬਰਾਕਰ ਨਦੀ 'ਚ ਡਿੱਗ ਗਈ ਹੈ। ਇਹ ਘਟਨਾ ਸ਼ਨੀਵਾਰ ਦੇਰ ਸ਼ਾਮ ਦੀ ਹੈ। ਇਹ ਘਟਨਾ ਗਿਰੀਡੀਹ-ਡੁਮਰੀ ਰੋਡ 'ਤੇ ਸਥਿਤ ਬਰਾਕਰ ਨਦੀ 'ਚ ਵਾਪਰੀ ਹੈ।ਦੱਸਿਆ ਜਾਂਦਾ ਹੈ ਕਿ ਰਾਂਚੀ ਤੋਂ ਗਿਰੀਡੀਹ ਆ ਰਹੀ ਬੱਸ ਜਿਵੇਂ ਹੀ ਬਰਾਕਰ ਨਦੀ ਦੇ ਪੁਲ 'ਤੇ ਪਹੁੰਚੀ ਤਾਂ ਡਰਾਈਵਰ ਦਾ ਸੰਤੁਲਨ ਵਿਗੜ ਗਿਆ ਅਤੇ ਬੱਸ ਨਦੀ 'ਚ ਜਾ ਡਿੱਗੀ।

## ਪੰਜਾਬ ਤੇ ਚੰਡੀਗੜ੍ਹ ਵਿਚ ਆਇਆ ਭੂਚਾਲ




**ਚੰਡੀਗੜ੍ਹ/ਵਿਨੋਦ ਸ਼ਰਮਾ :** ਪੰਜਾਬ ਸਮੇਤ ਚੰਡੀਗੜ੍ਹ ਵਿੱਚ ਭੂਚਾਲ ਦੇ ਜ਼ਬਰਦਸਤ ਝਟਕੇ ਲੱਗਣ ਦੀ ਖ਼ਬਰ ਪ੍ਰਾਪਤ ਹੋਈ ਹੈ। ਭੂਚਾਲ ਦੇ ਝਟਕੇ ਲੱਗਦਿਆਂ ਹੀ ਲੋਕ ਘਰਾਂ ਤੋਂ ਬਾਹਰ ਨਿਕਲ ਆਏ। ਭੂਚਾਲ ਰਾਤ ਕਰੀਬ 9:35 ਮਿੰਟ ਤੇ ਆਇਆ। ਇਸ ਤੋਂ ਇਲਾਵਾ ਦੇਸ਼ ਦੇ ਕਈ ਇਲਾਕਿਆਂ 'ਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਭੂਚਾਲ ਦਾ ਕੇਂਦਰ ਅਫਗਾਨਿਸਤਾਨ ਦੇ ਹਿੰਦੂ ਕੁਸ਼ ਵਿੱਚ ਸੀ। ਭੂਚਾਲ ਦੀ ਤੀਬਰਤਾ 5.8 ਦੱਸੀ ਗਈ ਹੈ ਅਤੇ ਇਸ ਦਾ ਕੇਂਦਰ ਜ਼ਮੀਨ ਤੋਂ ਕਰੀਬ 181 ਕਿਲੋਮੀਟਰ ਹੇਠਾਂ ਸੀ। ਅਫਗਾਨਿਸਤਾਨ 'ਚ ਭੂਚਾਲ ਦੇ ਝਟਕੇ ਦਿੱਲੀ NCR ਤੱਕ ਮਹਿਸੂਸ ਕੀਤੇ ਗਏ। ਉੱਤਰੀ ਭਾਰਤ ਦੇ ਕਈ ਇਲਾਕਿਆਂ ਖਾਸ ਕਰਕੇ ਜੰਮੂ-ਕਸ਼ਮੀਰ ਅਤੇ ਪੰਜਾਬ ਦੇ ਕੁਝ ਇਲਾਕਿਆਂ 'ਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਹਨ।ਨੈਸ਼ਨਲ ਸੈਂਟਰ ਫਾਰ ਸਿਸਮੋਲੋਜੀ ਦੇ ਡਾਇਰੈਕਟਰ ਜੇਐਲ ਗੌਤਮ ਨੇ ਐਨਡੀਟੀਵੀ ਨੂੰ ਦੱਸਿਆ, "ਉੱਤਰੀ ਭਾਰਤ ਦੇ ਕਈ ਖੇਤਰਾਂ, ਖਾਸ ਕਰਕੇ ਜੰਮੂ-ਕਸ਼ਮੀਰ ਅਤੇ ਪੰਜਾਬ ਦੇ ਕੁਝ ਖੇਤਰਾਂ ਵਿੱਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਹਨ।

## 9 ਅਗਸਤ ਨੂੰ ਵੱਖ ਵੱਖ ਜਥੇਬੰਦੀਆਂ ਵਲੋਂ ਭਾਰਤ ਬੰਦ ਦਾ ਐਲਾਨ

**• ਜਲੰਧਰ/ਰਾਕੇਸ਼ ਵਰਮਾ**




ਮਨੀਪੁਰ ਵਿਚ ਵਾਪਰੀ ਘਟਨਾ ਨੂੰ ਵੱਖ ਵੱਖ ਜਥੇਬੰਦੀਆਂ ਵਲੋਂ 9 ਅਗਸਤ ਨੂੰ ਭਾਰਤ ਬੰਦ ਦਾ ਐਲਾਨ ਕੀਤਾ ਗਿਆ ਹੈ। ਇਸ ਦੌਰਾਨ ਜਥੇਬੰਦੀਆਂ ਦੇ ਵਰਕਰ ਸੜਕਾਂ 'ਤੇ ਉਤਰ ਕੇ ਪੂਰੀ ਤਰ੍ਹਾਂ ਆਵਾਜਾਈ ਠੱਪ ਕਰਕੇ ਇਨਸਾਫ਼ ਦੀ ਮੰਗ ਕਰਨਗੇ।

## ਆਕਿਫ ਅਤੀਕ ਨਚਰ ਨੂੰ ਐਨ ਆਈ ਏ ਨੇ ਲਿਆ ਹਿਰਾਸਤ ਵਿੱਚ





**ਨਵੀਂ ਦਿੱਲੀ :** ਆਈ.ਐਸ.ਆਈ.ਐਸ. ਮਹਾਰਾਸ਼ਟਰ ਮਾਡਿਊਲ ਮਾਮਲੇ 'ਚ ਛੇਵੀਂ ਗ੍ਰਿਫ਼ਤਾਰੀ ਦੌਰਾਨ ਐਨ.ਆਈ.ਏ. ਨੇ ਅੱਜ ਆਕਿਫ਼ ਅਤੀਕ ਨਚਾਨ ਨੂੰ ਅੱਤਵਾਦੀ ਗਤੀਵਿਧੀਆਂ ਦੀ ਯੋਜਨਾ ਬਣਾਉਣ ਅਤੇ ਅੰਜ਼ਾਮ ਦੇਣ ਲਈ ਆਈ.ਈ.ਡੀ. ਦੇ ਨਿਰਮਾਣ ਅਤੇ ਟੈਸਟਿੰਗ 'ਚ ਸ਼ਮੂਲੀਅਤ ਲਈ ਹਿਰਾਸਤ 'ਚ ਲੈ ਲਿਆ ਹੈ । ਆਕਿਫ਼ ਨੇ ਦੋ ਹੋਰ ਅੱਤਵਾਦੀਆਂ ਲਈ ਵੀ ਲੁਕਣ ਦੀ ਵਿਵਸਥਾ ਕੀਤੀ ਸੀ।

## ਇਮਰਾਨ ਖਾਨ ਨੂੰ ਤੋਸ਼ਾਖਾਨਾ ਮਾਮਲੇ ਵਿੱਚ ਹੋਈ ਤਿੰਨ ਸਾਲ ਦੀ ਸਜਾ

**• ਇਸਲਾਮਾਬਾਦ**

ਪਾਕਿਸਤਾਨ ਦੀ ਇੱਕ ਹੇਠਲੀ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਗੈਰ-ਕਾਨੂੰਨੀ ਢੰਗ ਨਾਲ ਸਰਕਾਰੀ ਤੋਹਫ਼ੇ ਵੇਚਣ(ਤੋਸ਼ੇਖ਼ਾਨ ਘਪਲਾ ਮਾਮਲਾ) ਦੇ ਦੋਸ਼ ਵਿੱਚ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ। ਸਥਾਨਕ ਮੀਡੀਆ ਚੈਨਲਾਂ ਨੇ ਅੱਜ ਦੱਸਿਆ ਕਿ ਕਾਨੂੰਨੀ ਮਾਹਰਾਂ ਦਾ ਕਹਿਣਾ ਹੈ ਕਿ ਇਸ ਕੇਸ ਵਿੱਚ ਦੋਸ਼ੀ ਠਹਿਰਾਏ ਜਾਣ ਨਾਲ ਖਾਨ ਦੇ ਨਵੰਬਰ ਦੇ ਸ਼ੁਰੂ ਵਿੱਚ ਹੋਣ ਵਾਲੀਆਂ ਰਾਸ਼ਟਰੀ ਚੋਣਾਂ ਵਿੱਚ ਹਿੱਸਾ ਲੈਣ ਦੀਆਂ ਸੰਭਾਵਨਾਵਾਂ ਖਤਮ ਹੋ ਸਕਦੀਆਂ ਹਨ।ਇਸ ਦੌਰਾਨ ਲਾਹੌਰ ਦੀ ਪੁਲੀਸ ਨੇ ਇਮਰਾਨ ਖਾਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ।



## ਗੁਜਰਾਤ ਦੰਗੇ ਮਾਮਲੇ ਵਿੱਚ ਸਾਬਕਾ ਡੀਜੀਪੀ ਨੂੰ ਮਿਲੀ ਪੱਕੀ ਜਮਾਨਤ

**• ਅਹਿਮਦਾਬਾਦ**



ਗੁਜਰਾਤ ਹਾਈ ਕੋਰਟ ਨੇ ਸੂਬੇ ਵਿੱਚ 2002 ਦੇ ਦੰਗਿਆਂ ਦੇ ਸਬੰਧ ਵਿੱਚ ਲੋਕਾਂ ਨੂੰ ਫਸਾਉਣ ਦੇ ਇਰਾਦੇ ਨਾਲ ਸਬੂਤਾਂ ਨੂੰ ਕਥਿਤ ਤੌਰ 'ਤੇ ਘੜਨ ਦੇ ਮਾਮਲੇ ਵਿੱਚ ਸਾਬਕਾ ਪੁਲੀਸ ਡਾਇਰੈਕਟਰ ਜਨਰਲ (ਡੀਜੀਪੀ) ਆਰਬੀ ਸ੍ਰੀਕੁਮਾਰ ਨੂੰ ਨਿਯਮਤ ਜ਼ਮਾਨਤ ਦੇ ਦਿੱਤੀ ਹੈ। ਸੁਪਰੀਮ ਕੋਰਟ ਵੱਲੋਂ ਸਮਾਜਿਕ ਕਾਰਕੁਨ ਤੀਸਤਾ ਸੀਤਲਵਾੜ ਨੂੰ ਇਸੇ ਮਾਮਲੇ ਵਿੱਚ ਜ਼ਮਾਨਤ ਦਿੱਤੇ ਜਾਣ ਤੋਂ ਕਰੀਬ ਦੋ ਹਫ਼ਤੇ ਬਾਅਦ ਹਾਈ ਕੋਰਟ ਨੇ ਸ੍ਰੀਕੁਮਾਰ ਨੂੰ ਇਹ ਰਾਹਤ ਦਿੱਤੀ ਹੈ।


## ਹਿੰਸਾ ਪ੍ਰਭਾਵਿਤ ਨੂਹ 'ਚ ਹੁਣ 2.6 ਏਕੜ ਜ਼ਮੀਨ 'ਤੇ ਬਣੀਆਂ ਨਾਜਾਇਜ਼ ਉਸਾਰੀਆਂ 'ਤੇ ਚਲਿਆ ਬੁਲਡੋਜ਼ਰ

**ਗੁਰੂਗ੍ਰਾਮ :** ਹਰਿਆਣਾ ਦੇ ਹਿੰਸਾ ਪ੍ਰਭਾਵਿਤ ਨੂਹ ਜ਼ਿਲ੍ਹੇ ਵਿਚ ਗੈਰ-ਕਾਨੂੰਨੀ ਉਸਾਰੀਆਂ ਖ਼ਲਾਫ਼ ਮੁਹਿੰਮ ਸ਼ਨੀਵਾਰ ਤੀਜੇ ਦਿਨ ਵੀ ਜਾਰੀ ਰਹੀ। ਅਧਿਕਾਰੀਆਂ ਨੇ ਰਾਜ ਦੇ ਨਲਹੜ ਮੈਡੀਕਲ ਕਾਲਜ ਦੇ ਆਲੇ-ਦੁਆਲੇ 2.6 ਏਕੜ ਜ਼ਮੀਨ 'ਤੇ ਬਣੀਆਂ ਨਾਜਾਇਜ਼ ਉਸਾਰੀ 'ਤੇ ਬੁਲਡੋਜ਼ਰ ਚਲਾ ਦਿੱਤਾ। ਪੁਲਸ ਨੇ ਦੱਸਿਆ ਕਿ ਕਾਰਵਾਈ ਦੌਰਾਨ ਲਗਭਗ 15 ਆਰਜ਼ੀ ਢਾਂਚੇ ਵੀ ਢਾਹ ਦਿੱਤੇ ਗਏ। ਡਿਵੀਜਨਲ ਮੈਜਿਸਟਰੇਟ ਅਸ਼ਵਨੀ ਕੁਮਾਰ ਨੇ ਕਿਹਾ ਇਹ ਗੈਰ-ਕਾਨੂੰਨੀ ਉਸਾਰੀਆਂ ਸਨ।

## ਜੰਮੂ ਕਸ਼ਮੀਰ ਚ ਫੌਜ ਨੇ ਇਕ ਅੱਤਵਾਦੀ ਢੇਰ ਕੀਤਾ

**• ਰਾਜੌਰੀ**

ਜੰਮੂ-ਕਸ਼ਮੀਰ ਅੱਤਵਾਦੀਆਂ ਖਿਲਾਫ ਤੇਜ਼ੀ ਨਾਲ ਕਾਰਵਾਈ ਜਾਰੀ ਹੈ । ਰਾਜੌਰੀ 'ਚ ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵਿਚਾਲੇ ਮੁੱਠਭੇੜ ਵੀ ਹੋਈ ਹੈ । ਇਸ ਮੁਕਾਬਲੇ 'ਚ ਇਕ ਅੱਤਵਾਦੀ ਮਾਰਿਆ ਗਿਆ ਹੈ । ਇਸ ਕਾਰਵਾਈ 'ਤੇ ਜੰਮੂ ਦੇ ਏ.ਡੀ.ਜੀ.ਪੀ. ਮੁਕੇਸ਼ ਸਿੰਘ ਦਾ ਬਿਆਨ ਸਾਹਮਣੇ ਆਇਆ ਹੈ । ਉਨ੍ਹਾਂ ਦੱਸਿਆ ਕਿ ਰਾਜੌਰੀ ਦੇ ਖਵਾਸ ਇਲਾਕੇ 'ਚ ਮੁਕਾਬਲਾ ਚੱਲ ਰਿਹਾ ਹੈ । ਪੁਲਿਸ ਟੀਮ ਮੌਕੇ 'ਤੇ ਪਹੁੰਚੀ ਹੈ । ਹੁਣ ਤੱਕ ਇਕ ਅੱਤਵਾਦੀ ਮਾਰਿਆ ਗਿਆ ਹੈ।




JSDC GROUP

ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®

178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ

82880 21797
82880 21798

ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018

WWW.JSDCGROUP.COM

ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ

JSDC GROUP - INDIA



ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਨੌਮਣੀ ਹੈਡਲਪੁਲ ਗਾਹਲੜੀ 'ਚ ਛਾਲ ਮਾਰਨ ਵਾਲੇ ਵਿਅਕਤੀ ਦੀ ਡੁੱਬ ਕੇ ਹੋਈ ਮੌਤ, ਗੋਤਾ ਖੋਰਾ ਲਾਸ਼ ਨੂੰ ਕੱਢਿਆ ਬਾਹਰ



**• ਦੋਰਾਂਗਲਾ,ਰਾਕੇਸ਼ ਜੀਵਨ ਚੱਕ**

ਪੁਲਿਸ ਥਾਣਾ ਦੋਰਾਂਗਲਾ ਅਧੀਨ ਆਉਂਦੇ ਪਿੰਡ ਮਿਆਣੀ ਮਲਾਹ ਦੇ ਇੱਕ ਵਿਅਕਤੀ ਵਲੋਂ ਨੌਮਣੀ ਹੈਡਲਪੁਲ ਗਾਹਲੜੀ ਚ ਛਾਲ ਮਾਰਨ ਕਾਰਣ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ।ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਪ੍ਰੇਮ ਸਿੰਘ ਵਾਸੀ ਮਿਆਣੀ ਮਲਾਹ ਆਪਣੀ 12 ਸਾਲਾਂ ਲੜਕੀ ਨਾਲ ਗਾਹਲੜੀ ਅੱਡੇ ਤੋਂ ਆਪਣੇ ਘਰ ਨੂੰ ਜਾ ਰਹਾ ਸੀ , ਜਦੋ ਪ੍ਰੇਮ ਸਿੰਘ ਨੌਮਣੀ ਹੈਡਲਪੁਲ ਗਾਹਲੜੀ ਨੇੜੇ ਪਹੁੰਚਿਆ ਤਾਂ ਉਸਨੇ ਆਪਣੀ ਲੜਕੀ ਨੂੰ ਅਪਣਾ ਪਰਸ ਦੇ ਦਿੱਤਾ, ਤੇ ਆਪ ਨੌਮਣੀ ਹੈਡਲਪੁਲ ਚ ਛਾਲ ਮਾਰ ਦਿੱਤੀ, ਮੌਕੇ ਤੇ ਪਹੁੰਚੇ ਮੁਗਲਾਣੀ ਚੱਕ ਦੇ ਗੋਤਾ ਖੋਰ ਵਲੋਂ ਬਹੁਤ ਮਿਹਨਤ ਕਰਕੇ ਪ੍ਰੇਮ ਸਿੰਘ ਬਾਹਰ ਕੱਢਿਆ ,ਪਰ ਹੈਡਲਪੁਲ ਚ ਪਾਣੀ ਜਿਆਦਾ ਹੋਣ ਕਰਕੇ ਪ੍ਰੇਮ ਸਿੰਘ ਦੀ ਡੁੱਬ ਕੇ ਮੌਤ ਹੋ ਗਈ । ਦੋਰਾਂਗਲਾ ਪੁਲਿਸ ਵਲੋਂ ਪ੍ਰੇਮ ਸਿੰਘ ਦੀ ਲਾਸ਼ ਨੂੰ ਕਬਜ਼ੇ ਚ ਲੈ ਕੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

# ਨਰਮੇਂ ਦੀ ਫਸਲ ਉੱਪਰ ਕੀਟਾਂ ਦਾ ਹਮਲਾ ਨਾਮਾਤਰ : ਮਨੋਜ ਕੁਮਾਰ



**• ਮਾਨਸਾ/ਦੀਦਾਰ ਮਾਨ ਭੈਣੀ ਬਾਘਾ**

ਅੱਜ ਮਾਨਸਾ ਬਲਾਕ ਦੇ ਪਿੰਡ ਭੈਣੀ ਬਾਘਾ ਵਿਖੇ ਡਾਕਟਰ ਦਿਲਬਾਗ ਸਿੰਘ ਮੁੱਖ ਖੇਤੀਬਾੜੀ ਅਫਸਰ ਮਾਨਸਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਨੋਜ ਕੁਮਾਰ ਸਹਾਇਕ ਕਪਾਹ ਵਿਸਥਾਰ ਅਫ਼ਸਰ, ਖੇਤੀਬਾੜੀ ਵਿਕਾਸ ਅਫਸਰ ਡਾਕਟਰ ਜਸਲੀਨ ਕੌਰ ਧਾਲੀਵਾਲ, ਪਰਾਗਦੀਪ ਮਾਨ ਬਲਾਕ ਟੈਕਨਾਲੋਜੀ ਮੈਨੇਜਰ, ਹਰਚੇਤ ਸਿੰਘ ਖੇਤੀਬਾੜੀ ਉਪ ਨਿਰੀਖਕ ਅਤੇ ਕਿਸਾਨ ਮਿੱਤਰ ਦੀਦਾਰ ਮਾਨ ਭੈਣੀ ਬਾਘਾ ਵਲੋਂ ਪਿੰਡ ਭੈਣੀ ਬਾਘਾ ਦੇ ਕਿਸਾਨਾਂ ਦੇ ਨਰਮੇ ਦਾ ਸਰਵੇ ਕੀਤਾ ਗਿਆ । ਜਿਸ ਵਿੱਚ ਸਾਰੇ ਹੀ ਕੀਟ ਗੁਲਾਬੀ ਸੁੰਡੀ , ਚਿੱਟੀ ਮੱਖੀ, ਹਰਾ ਤੇਲਾ ਅਤੇ ਭੂਰੀ ਜੂੰ ਆਰਥਿਕ ਨੁਕਸਾਨ ਲੈਵਲ ਤੋਂ ਘੱਟ ਪਾਏ ਗਏ। ਕਿਸਾਨ ਦਲਜੀਤ ਸਿੰਘ ਅਤੇ ਬਿੱਕਰ ਸਿੰਘ ਦੇ ਖੇਤ ਵਿੱਚ ਇੱਕ ਪੌਦੇ ਮਗਰ 40 ਟੀਂਡੇ ਪੱਕ ਕੇ ਤਿਆਰ ਹੋ ਗਏ ਹਨ ਜਿਸ ਤੋਂ ਖੁਸ਼ੀ ਪ੍ਰਗਟ ਕਰਦਿਆਂ ਕਿਸਾਨ ਦਲਜੀਤ ਸਿੰਘ ਅਤੇ ਬਿੱਕਰ ਸਿੰਘ ਨੇ ਕਿਹਾ ਇਸ ਵਾਰ ਨਰਮੇਂ ਦੀ ਭਰਵੀਂ ਫ਼ਸਲ ਹੋਣ ਦੀ ਉਮੀਦ ਹੈ। ਕਿਸਾਨ ਬਿੱਕਰ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਅਸੀਂ ਖੇਤੀਬਾੜੀ ਵਿਭਾਗ ਦੁਆਰਾ ਸਿਫਾਰਸ਼ ਕੀਤੀ ਸਪ੍ਰੇਹ ਹੀ ਕੀਤੀ ਹੈ ਜਿਸਦਾ ਕਿ ਸਾਨੂੰ ਬਹੁਤ ਵਧੀਆ ਰਿਜ਼ਲਟ ਮਿਲਿਆ ਹੈ। ਡਾਕਟਰ ਮਨੋਜ ਕੁਮਾਰ ਕਪਾਹ ਵਿਸਥਾਰ ਅਫਸਰ ਨੇ ਕਿਸਾਨਾਂ ਨੂੰ ਸਲਾਹ ਦਿੰਦਿਆਂ ਕਿਹਾ ਕਿ ਹੁਣ ਨਰਮੇ ਦੀ ਫ਼ਸਲ ਵੱਲ ਪੂਰਾ ਧਿਆਨ ਰੱਖਣ ਦੀ ਲੋੜ ਹੈ ਅਤੇ ਖੇਤੀਬਾੜੀ ਮਹਿਕਮੇ ਦੁਆਰਾ ਸਿਫਾਰਸ਼ ਸਪਰੇਹਾਂ ਦੀ ਵਰਤੋਂ ਹੀ ਕੀਤੀ ਜਾਵੇ ਅਤੇ ਜ਼ਰੂਰਤ ਪੈਣ ਤੇ ਖੇਤੀਬਾੜੀ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾਵੇ।

# ਅਪਣੇ ਪੁੱਤਰ ਦੇ ਜਨਮ ਦਿਨ ਤੇ ਮਨਿੰਦਰ ਸਿੰਘ ਨੇ ਸਕੂਲ ਨੂੰ ਪੱਖਾ ਭੇਟ ਕੀਤਾ

**• ਸ੍ਰੀ ਅਨੰਦਪੁਰ ਸਾਹਿਬ /ਦਵਿੰਦਰਪਾਲ ਸਿੰਘ**

ਮਨਿੰਦਰ ਸਿੰਘ ਵਾਸੀ ਗੱਜਪੁਰ ਨੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੱਜਪੁਰ ਵਿੱਚ ਐਲ ਕੇ ਜੀ ਜਮਾਤ ਵਿੱਚ ਪੜਦੇ ਅਪਣੇ ਪੁੱਤਰ ਜੰਗਵੀਰ ਸਿੰਘ ਦੇ ਜਨਮ ਦਿਨ ਮੌਕੇ ਸਕੂਲ ਨੂੰ ਇੱਕ ਪੱਖਾ ਭੇਟ ਕੀਤਾ । ਸਕੂਲ ਇੰਚਾਰਜ ਬਲਵਿੰਦਰ ਸਿੰਘ ਲੋਦੀਪੁਰ ਨੇ ਜੰਗਵੀਰ ਦੇ ਮਾਤਾ ਪਿਤਾ ਦਾ ਜਿਥੇ ਧੰਨਵਾਦ ਕੀਤਾ ਉਥੇ ਹੀ ਕਿਹਾ ਕਿ ਮਨਿੰਦਰ ਸਿੰਘ ਜੀ ਨੇ ਗਰਮੀ ਦੇ ਮੋਸਮ ਨੂੰ ਦੇਖਦੇ ਹੋਏ ਅਪਣੀ ਨੇਕ ਕਮਾਈ ਵਿੱਚੋ ਸਕੂਲ ਨੂੰ ਪੱਖਾ ਭੇਟ ਕੀਤਾ ਹੈ ਤੇ ਉਹਨਾਂ ਆਸ ਕੀਤੀ ਕਿ ਇਸੀ ਤਰਾਂ ਪਿੰਡ ਵਾਸੀ ਅਤੇ ਬੱਚਿਆਂ ਦੇ ਮਾਤਾ ਪਿਤਾ ਸਕੂਲ ਦੇ ਕੰਮਾ ਵਿੱਚ ਸਹਿਯੋਗ ਕਰਦੇ ਰਹਿਣਗੇ । ਇਸ ਮੌਕੇ ਸਕੂਲ ਅਧਿਆਪਕ ਜਰਨੈਲ ਸਿੰਘ ਹਰੀਵਾਲ,ਹਰਦੀਪ ਕੌਰ,ਮਨਫਤਿਹ ਸਿੰਘ ਆਦਿ ਹਾਜਰ ਸਨ ।



# ਯਾਦਗਾਰੀ ਹੋ ਨਿੱਬੜੀਆਂ ਤੀਆਂ ਤੀਜ ਦੀਆਂ

**• ਮਾਨਸਾ/ਦੀਦਾਰ ਮਾਨ ਭੈਣੀ ਬਾਘਾ**

ਸ਼੍ਰੀ ਨਾਰਾਇਣ ਸਰਵਹਿੱਤਕਾਰੀ ਵਿੱਦਿਆ ਮੰਦਰ ਮਾਨਸਾ ਦੇ ਵਿਹੜੇ ਵਿੱਚ ਸ਼ਿਸ਼ੂ ਵਾਟਿਕਾ ਦੇ ਨੰਨੇ ਮੁੰਨੇ ਬੱਚਿਆਂ ਵੱਲੋਂ ਤੀਆਂ ਲਗਾਈਆਂ ਗਈਆਂ ।

ਇਸ ਪ੍ਰੋਗਰਾਮ ਦਾ ਉਦਘਾਟਨ ਪ੍ਰਿੰਸੀਪਲ ਸ਼੍ਰੀ ਅਸ਼ਵਨੀ ਕੁਮਾਰ ਜੀ ਦੁਆਰਾ ਕੀਤਾ ਗਿਆ। ਇਸ ਮੌਕੇ ਤਿਲਕ ਦੀ ਰਸਮ ਅਦਾ ਕੀਤੀ ਗਈ ।ਬੱਚਿਆਂ ਦੁਆਰਾ ਸੋਲੋ ਡਾਂਸ , ਗਰੁੱਪ ਡਾਂਸ, ਗਿੱਧਾ,ਭੰਗੜਾ ਪੇਸ਼ ਕੀਤਾ ਗਿਆ । ਬੱਚੇ ਰੰਗ ਬਿਰੰਗੀਆਂ ਪੰਜਾਬੀ ਪੁਸ਼ਾਕਾਂ ਵਿੱਚ ਬਹੁਤ ਸੋਹਣੇ ਲੱਗ ਰਹੇ ਸਨ। ਪ੍ਰਿੰਸੀਪਲ ਸਾਹਿਬ ਨੇ ਬੱਚਿਆਂ ਨੂੰ ਸੱਭਿਆਚਾਰ ਨਾਲ ਜੋੜਨ ਲਈ ਇਹੋ ਜਿਹੇ ਪ੍ਰੋਗਰਾਮ ਕਰਨਾ ਇੱਕ ਸਲਾਘਾਯੋਗ ਉਪਰਾਲਾ ਦੱਸਿਆ ਅਤੇ ਬੱਚਿਆਂ ਦਾ ਹੌਂਸਲਾ ਵਧਾਇਆ ।

ਇਸ ਮੌਕੇ ਸਕੂਲ ਸਟਾਫ ਦੇ ਦੀਦੀ ਪਰਮਜੀਤ ਕੌਰ,ਦੀਦੀ ਖੁਸ਼ਵਿੰਦਰ ਕੌਰ , ਦੀਦੀ ਰੇਨੂੰ ਰਾਣੀ, ਪ੍ਰਦੀਪ ਕੌਰ,ਕੁਲਦੀਪ ਕੌਰ, ਪਿ?ਅੰਕਾਂ ਰਾਣੀ,ਜਸਪ੍ਰੀਤ ਕੌਰ,ਅਲੀਸ਼ਾ ਰਾਣੀ,ਸਰੋਜ ਬਾਲਾ,ਹਰਜੀਤ ਕੌਰ,ਮਮਤਾ ਰਾਣੀ, ਸ਼ਰਨਜੀਤ ਕੌਰ ਅਤੇ ਦੀਦੀ ਅੰਜਲੀ ਅਧਿਆਪਕ ਮੌਜੂਦ ਸੀ ।ਇਹ ਪ੍ਰੋਗਰਾਮ ਇੱਕ ਯਾਦਗਾਰੀ ਹੋ ਨਿਬੜਿਆ ।



# ਸਾਹਨੇਵਾਲ ਵਿਖੇ ਬੜੀ ਹੀ ਧੂਮਧਾਮ ਨਾਲ ਤੀਆਂ ਦਾ ਤਿਉਹਾਰ ਮਨਾਇਆ



**ਇਸ ਮੌਕੇ ਸਵਰਨਜੀਤ ਕੌਰ ਸਮੇਤ ਸਿਮਰਦੀਪ ਕੌਰ ਮੁੰਡੀਆਂ ਅਤੇ ਜਸਵੀਰ ਕੌਰ ਨੂੰ ਫੁਲਕਾਰੀ ਦੇ ਕੇ ਸਨਮਾਨਿਤ ਕੀਤਾ ਗਿਆ**

**• ਲੁਧਿਆਣਾ/ ਸੁਖਚੈਨ ਮਹਿਰਾ**

ਵਾਰਡ ਨੰਬਰ -9 ਸਾਹਨੇਵਾਲ ਦੇ ਆਮ ਆਦਮੀ ਪਾਰਟੀ ਸੀਨੀਅਰ ਆਗੂ ਸਤਵਿੰਦਰ ਸਿੰਘ ਹੈਪੀ ਦੀ ਧਰਮਪਤਨੀ ਸਵਰਨਜੀਤ ਕੌਰ ਦੀ ਪ੍ਰਧਾਨਗੀ ਹੇਠ ਗਾਰਡਨ ਪੈਲੇਸ ਸਾਹਨੇਵਾਲ ਵਿਖੇ ਬੜੀ ਹੀ ਧੂਮਧਾਮ ਨਾਲ ਤੀਆਂ ਦਾ ਤਿਉਹਾਰ ਮਨਾਇਆ ਗਿਆ ।ਇਸ ਪ੍ਰੋਗਰਾਮ ਵਿੱਚ ਹਲਕਾ ਸਾਹਨੇਵਾਲ ਦੇ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਦੀ ਧਰਮਪਤਨੀ ਸਿਮਰਦੀਪ ਕੌਰ ਮੁੰਡੀਆਂ ਅਤੇ ਚੇਅਰਮੈਨ ਜ਼ੋਰਾਵਰ ਸਿੰਘ ਮੁੰਡੀਆਂ ਦੀ ਧਰਮਪਤਨੀ ਜਸਵੀਰ ਕੌਰ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ ?'ਤੇ ਪਹੁੰਚਕੇ ਸ਼ਿਰਕਤ ਕੀਤੀ ਗਈ ।ਇਸ ਦੌਰਾਨ ਪੰਜਾਬੀ ਵਿਰਸੇ ਦੇ ਰੰਗ ਵਿੱਚ ਰੰਗੀਆਂ ਔਰਤਾਂ ਅਤੇ ਮੁਟਿਆਰਾਂ ਨੇ ਤੀਆਂ ਦਾ ਤਿਉਹਾਰ ਬੜੀ ਹੀ ਧੂਮਧਾਮ ਨਾਲ ਮਨਾਇਆ ।ਇਸ ਮੌਕੇ ਪੰਜਾਬੀ ਪਹਿਰਾਵੇ ਵਿੱਚ ਸੱਜ ਕੇ ਆਈਆਂ ਔਰਤਾਂ ਅਤੇ ਮੁਟਿਆਰਾਂ ਨੇ ਚਾਰ ਚੰਨ ਲਾ ਦਿੱਤੇ ਅਤੇ ਪੰਜਾਬੀ ਲੋਕ ਬੋਲੀਆਂ ਨਾਲ ਗਿੱਧੇ ਪਾ ਕੇ ਅਤੇ ਪੀਂਘਾਂ ਝੂਟ ਕੇ ਤੀਆਂ ਦਾ ਤਿਉਹਾਰ ਬੜੀ ਹੀ ਧੂਮਧਾਮ ਨਾਲ ਮਨਾਇਆ ।ਇਲਾਕੇ ਦੀਆਂ ਸਭ ਔਰਤਾਂ ਅਤੇ ਮੁਟਿਆਰਾਂ ਨੇ ਖੁਸ਼ੀਆਂ ਦੇ ਨਾਲ ਤੀਆਂ ਵਿੱਚ ਬੋਲੀ ਪਾ ਕੇ ਸਾਉਣ ਦੀਆਂ ਤੀਆਂ ਦੇ ਤਿਉਹਾਰ ਨੂੰ ਯਾਦਗਾਰੀ ਬਣਾ ਦਿੱਤਾ ।ਇਸ ਮੌਕੇ ਸਵਰਨਜੀਤ ਕੌਰ ਸਮੇਤ ਸਿਮਰਦੀਪ ਕੌਰ ਮੁੰਡੀਆਂ ਅਤੇ ਜਸਵੀਰ ਕੌਰ ਨੂੰ ਫੁਲਕਾਰੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਸਿਮਰਦੀਪ ਕੌਰ ਨੇ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਨੂੰ ਸਭ ਆਪਣੇ ਇਕ ਜੁੱਟ ਹੋ ਸੱਭਿਆਚਾਰਕ ਪ੍ਰੋਗਰਾਮਾਂ ਨੂੰ ਵੱਧ ਚੜ੍ਹਕੇ ਮਨਾਉਣਾ ਚਾਹੀਦਾ ਹੈ ਤਾਂ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸਾਡੇ ਸੱਭਿਆਚਾਰਕ ਨੂੰ ਪਛਾਣ ਸਕੇ ।ਇਸ ਦੌਰਾਨ ਹੋਰਨਾਂ ਤੋਂ ਇਲਾਵਾ ਹਰਪ੍ਰੀਤ ਕੌਰ ਗਿੱਲ, ਗੁਰਜਿੰਦਰ ਕੌਰ, ਸੋਨੰਦਾ ਸ਼ਰਮਾ, ਕੁਲਦੀਪ ਕੌਰ ਰੂਪਸੀ, ਪੂਜਾ ਗੰਭੀਰ, ਸੁਨੀਤਾ, ਕਰੋਨਾ ਢਾਕਾ,ਬੀਬਤਾ ਮਿਨਹਾਸ, ਸੋਨੀਆ ਵਾਲਿਆ, ਮਾਧੁਰੀ, ਨਵਦੀਪ ਕੌਰ, ਸੋਨੀਆ ਗਿਰਨ, ਅਮਰਦੀਪ ਕੌਰ ਸਿੱਧੂ, ਹਰਵੀਰ ਜੋਸ਼ੀ, ਪਿੰਕੀ ਰਾਣੀ, ਕਿਰਨ , ਪ੍ਰਿਅੰਕਾ , ਮੰਜੂ ਆਦਿ ਵਾਰਡ ਨੰਬਰ : 9 ਦੀਆਂ ਸਮੂਹ ਔਰਤਾਂ ਅਤੇ ਮੁਟਿਆਰਾਂ ਹਾਜ਼ਰ ਸਨ।

# ਕਸਬਾ ਸ਼ੇਰਪੁਰ ਨੂੰ ਅਜ਼ਾਦੀ ਤੋਂ ਬਾਅਦ ਅੱਜ ਤੱਕ ਨਸੀਬ ਨਾ ਹੋਇਆ ਪੱਕਾ ਕੂੜਾ ਡੰਪ

## ਮਾਰਕੀਟ ਕਮੇਟੀ ਅਧੀਨ ਗਰਾਊਂਡ 'ਚ ਲੱਗੇ ਕਚਰੇ ਦੇ ਢੇਰ ਮਰੇ ਪਸ਼ੂਆਂ ਦੀ ਬਦਬੂ ਦੇ ਰਹੀ ਬਿਮਾਰੀਆਂ ਨੂੰ ਸੱਦਾ : ਦੁਕਾਨਦਾਰ







**• ਸ਼ੇਰਪੁਰ/ਹਰਜੀਤ ਸਿੰਘ ਕਾਤਿਲ**

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹਾਦਤ ਭੂਮੀ ਕਸਬਾ ਸ਼ੇਰਪੁਰ ਨੂੰ ਆਜ਼ਾਦੀ ਤੋਂ ਲੈ ਕੇ ਅੱਜ ਤੱਕ ਕੂੜਾ ਸੁੱਟਣ ਲਈ ਪੱਕੇ ਤੌਰ ਤੇ ਕੂੜਾ ਡੰਪ ਨਹੀਂ ਮਿਲਿਆ , ਜਿਸ ਕਾਰਨ ਸ਼ੇਰਪੁਰ ਦਾ ਸਮੁੱਚਾ ਕੂੜਾ ਕਰਕਟ ਅਨਾਜ ਮੰਡੀ ਸ਼ੇਰਪੁਰ ਦੇ ਰਾਮਲੀਲਾ ,ਦੁਸਹਿਰਾ ਗਰਾਊਂਡ ਵਿੱਚ ਹੀ ਸੁੱਟਿਆ ਜਾ ਰਿਹਾ ਹੈ। ਉਸ ਜਗ?ਹਾ ਨੂੰ ਸਫ਼ਾਈ ਸੇਵਕਾਂ ਅਤੇ ਲੋਕਾਂ ਵੱਲੋਂ ਕੂੜੇ ਦਾ ਡੰਪ ਬਣਾ ਕੇ ਰੱਖਿਆ ਹੋਇਆ ਹੈ ਕਸਬੇ ਦਾ ਸਾਰਾ ਕੂੜਾ ਇਕੱਠਾ ਕਰਕੇ ਉਸ ਜਗ?ਹਾ ਉੱਪਰ ਸੁੱਟਿਆ ਜਾ ਰਿਹਾ ਹੈ ।ਇਸ ਜਗ?ਹਾ ਦੇ ਨਜ਼ਦੀਕ ਰਿਹਾਇਸ਼ੀ ਏਰੀਆ ਹੋਣ ਕਰਕੇ ਇੱਥੇ ਬਿਮਾਰੀਆਂ ਫੈਲਣ ਦਾ ਖ਼ਦਸ਼ਾ ਬਣਿਆ ਹੋਇਆ ਹੈ ।ਗੰਦਗੀ ਦੇ ਵੱਡੇ-ਵੱਡੇ ਢੇਰ ਲੱਗੇ ਹੋਣ ਕਾਰਨ ਇਸ ਜਗ?ਹਾ ਉੱਪਰ ਵੱਡੀ ਮਾਤਰਾ ਵਿੱਚ ਪਾਣੀ ਖੜ੍ਹਾ ਰਹਿੰਦਾ ਹੈ ਜਿਸ ਕਰਕੇ ਮੱਛਰ ਪੈਦਾ ਹੋ ਰਿਹਾ ਹੈ, ਕਚਰੇ ਦੇ ਢੇਰਾਂ 'ਚ ਅੱਜ ਜਾਨਵਰ ਅਤੇ ਅਵਾਰਾ ਪਸ਼ੂ ਮਰੇ ਪਏ ਹਨ । ਦੁਕਾਨਦਾਰਾਂ ਦਾਅਵਾ ਕੀਤਾ ਕਿ ਉਹ ਆਪਣੇ ਵੱਲੋਂ ਪੈਸੇ ਇਕੱਠੇ ਕਰਕੇ ਕਈ ਵਾਰ ਮਰੇ ਪਸ਼ੂ ਚੁੱਕਵਾਂ ਚੁੱਕੇ ਹਨ।

ਇਸ ਸਮੱਸਿਆ ਨੂੰ ਲੈਕੇ ਅੱਜ ਸਥਾਨਕ ਦੁਕਾਨਦਾਰਾਂ ਰੋਮੀ ਮਿੱਤਲ , ਭੀਮਾਂ ਨੰਗਲ ਵਾਲਾ , ਕਾਕਾ , ਮੱਖਣ , ਗੋਲ?ਡੀ , ਗੁਰੀ ਬੜੀ , ਕਾਮਰੇਡ ਤੇਜਾ ਸਿੰਘ ਅਜਾਦ , ਅਵਤਾਰ ਸਿੰਘ ਖੇੜੀ , ਬਹਾਦਰ ਟੈਂਪੂ ਯੂਨੀਅਨ , ਸੈਂਲੀ ਟਾਇਰਾਂ ਵਾਲਾ, ਕਾਲਾ ਨੰਗਲ, ਬਿੰਦੀ ਟੈਂਪੂ ਯੂਨੀਅਨ, ਸ਼ੇਰ ਸਿੰਘ ਸ਼ੇਰਪੁਰ ਅਤੇ ਲੋਕਾਂ ਵੱਲੋਂ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰੋਸ ਪ੍ਰਗਟ ਕੀਤਾ ।ਉਨ੍ਹਾਂ ਸਕੱਤਰ ਮਾਰਕੀਟ ਕਮੇਟੀ , ਗ੍ਰਾਮ ਪੰਚਾਇਤ ਸ਼ੇਰਪੁਰ ਅਤੇ ਆਪ ਦੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੂੰ ਅਪੀਲ ਕੀਤੀ ਕਿ ਇਸ ਸਮੱਸਿਆ ਦਾ ਕੋਈ ਪੱਕਾ ਹੱਲ ਕੀਤਾ ਜਾਵੇ । ਸਥਾਨਿਕ ਦੁਕਾਨਦਾਰਾਂ ਨੇ ਕਿਹਾ ਉਹ ਇਹ ਮਾਮਲਾ ਹਲਕਾ ਵਿਧਾਇਕ ਸ੍ਰ ਕੁਲਵੰਤ ਸਿੰਘ ਪੰਡੋਰੀ , ਸਰਪੰਚ ਰਣਜੀਤ ਸਿੰਘ ਧਾਲੀਵਾਲ ਦੇ ਵੀ ਧਿਆਨ ਵਿੱਚ ਲਿਆ ਚੁੱਕੇ ਹਨ ਜਿੰਨਾਂ ਨੇ ਜ਼ਲਦੀ ਇਸ ਸਮੱਸਿਆ ਦਾ ਹੱਲ ਕੱਢਣ ਦਾ ਭਰੋਸਾ ਦਿਵਾਇਆ ਸੀ ਪਰ ਸਾਲ ਤੋਂ ਵੱਧ ਸਮਾਂ ਹੋਣ ਦੇ ਬਾਵਜੂਦ ਕੋਈ ਹੱਲ ਨਹੀਂ ਕੀਤਾ ਗਿਆ । ਚੇਤੇ ਰਹੇ ਕਿ ਪਿਛਲੇ ਸਾਲਾਂ ਦੇ ਦੌਰਾਨ ਕਸਬਾ ਸ਼ੇਰਪੁਰ ਦੇ ਵਿੱਚ ਵੱਡੀ ਗਿਣਤੀ ਵਿੱਚ ਡੇਂਗੂ ਦੇ ਮਰੀਜ਼ ਪਾਏ ਗਏ ਸਨ।ਉਸ ਸਮੇਂ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਦੇ ਲਈ ਮੁਹਿੰਮ ਵੀ ਚਲਾਈ ਗਈ ਸੀ ।ਪਰ ਹੁਣ ਫੇਰ ਗੰਦਗੀ ਦੇ ਵੱਡੇ ਵੱਡੇ ਢੇਰ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਨ । ਜਿਨ੍ਹਾਂ ਦੀ ਸਫਾਈ ਦੇ ਲਈ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ ।ਸ਼ਾਇਦ ਅਧਿਕਾਰੀ ਕਿਸੇ ਬਿਮਾਰੀ ਫੈਲਣ ਦੀ ਉਡੀਕ ਰਹੇ ਹਨ ਤਾਂ ਕਿ ਫੇਰ ਉਸ ਜਗ?ਹਾ ਦੀ ਸਫਾਈ ਹੋ ਸਕੇ । ਭਾਵੇਂ ਕਿ ਇਹ ਜਗ?ਹਾ ਮਾਰਕੀਟ ਕਮੇਟੀ ਦੇ ਅਧੀਨ ਆਉਂਦੀ ਹੈ । ਪਰ ਫਿਰ ਵੀ ਇਸ ਜਗ?ਹਾ ਦੀ ਸਫ਼ਾਈ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਹਾਜ਼ਰ ਲੋਕਾਂ ਨੇ ਕਿਹਾ ਖੜ੍ਹਾ ਪਾਣੀ ਡੇਂਗੂ ਵਰਗੇ ਮੱਛਰਾਂ ਤੇ ਕੂੜਾ ਕਰਕਟ ਦੀ ਬਦਬੋ ਭਿਆਨਕ ਬਿਮਾਰੀਆਂ ਫੈਲਾਉਣ 'ਚ ਸਹਾਈ ਹੋ ਰਹੀ ਹੈ। ਉਨ੍ਹਾਂ ਜ਼ਿਲਾਂ ਪ੍ਰਸ਼ਾਸ਼ਨ , ਮਾਰਕੀਟ ਕਮੇਟੀ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਮੰਡੀ ਬੋਰਡ ਨੇੜੇ ਰਾਮ ਲੀਲਾ/ ਦੁਸਹਿਰਾ ਗਰਾਊਂਡ ਦੀ ਸਫ਼ਾਈ ਕਰਵਾ ਕੇ ਕਸਬੇ ਨੂੰ ਭਿਆਨਕ ਬਿਮਾਰੀਆਂ ਤੋਂ ਬਚਾਇਆ ਜਾਵੇ।

***ਕੀ ਕਹਿੰਦੇ ਹਨ ਸ਼ੇਰਪੁਰ ਦੇ ਸਰਪੰਚ***

ਇਸ ਸਬੰਧੀ ਸਰਪੰਚ ਰਣਜੀਤ ਸਿੰਘ ਧਾਲੀਵਾਲ ਨਾਲ ਜਦੋਂ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਗ੍ਰਾਮ ਪੰਚਾਇਤ ਸ਼ੇਰਪੁਰ ਵੱਲੋਂ ਕੂੜੇ ਦੇ ਡੰਪ ਨੂੰ ਆਬਾਦੀ ਤੋਂ ਦੂਰ ਲੈ ਕੇ ਜਾਣ ਸਬੰਧੀ ਮਤਾ ਪਾਸ ਕੀਤਾ ਜਾ ਚੁੱਕਾ ਹੈ। ਉਹਨਾਂ ਦੱਸਿਆ ਕਿ ਇਸ ਦੀ ਚਾਰਦੀਵਾਰੀ ਅਤੇ ਹੋਰ ਪ੍ਰਬੰਧਾਂ ਲਈ ਪੰਚਾਇਤ ਪਾਸ ਗਰਾਂਟ ਵੀ ਆ ਚੁੱਕੀ ਹੈ ਅਤੇ ਜਲਦ ਹੀ ਇਸ ਦਾ ਕੰਮ ਮੁਕੰਮਲ ਕਰਵਾ ਕੇ ਕੂੜੇ ਦੇ ਡੰਪ ਨੂੰ ਅਬਾਦੀ ਤੋਂ ਦੂਰ ਕੀਤਾ ਜਾਵੇਗਾ।

***ਜਲਦੀ ਹੋਵੇਗਾ ਇਸ ਸਮੱਸਿਆ ਦਾ ਹੱਲ : ਵਿਧਾਇਕ ਪੰਡੋਰੀ***

ਜਦੋਂ ਇਸ ਸਮੱਸਿਆ ਸਬੰਧੀ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨਾਲ ਫੋਨ ਤੇ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਮੈਂ ਇਸ ਸਬੰਧੀ ਮਾਰਕੀਟ ਕਮੇਟੀ ਦੇ ਸੈਕਟਰੀ ਅਤੇ ਗ੍ਰਾਮ ਪੰਚਾਇਤ ਸ਼ੇਰਪੁਰ ਨੂੰ ਉਚੇਚੇ ਤੌਰ ਤੇ ਸਫ਼ਾਈ ਕਰਵਾਉਣ ਲਈ ਅਤੇ ਗ੍ਰਾਮ ਪੰਚਾਇਤ ਨੂੰ ਇੱਕ ਮੁਕੱਰਰ ਕੂੜਾ ਡੰਪ ਬਣਾਉਣ ਲਈ ਜਗ?ਹਾ ਦਾ ਪ੍ਰਬੰਧ ਕਰਨ ਲਈ ਆਖਦਾ ਹਾਂ ਉਹ ਸਾਨੂੰ ਲਿਖ ਕੇ ਦੇਣ ਅਸੀਂ ਦੀਵਾਰ ਵਗ਼ੈਰਾ ਕਰਨ ਲਈ ਗ੍ਰਾਂਟ ਜਾਰੀ ਕਰਾਂਗੇ ਜਲਦੀ ਇਸਦਾ ਹੱਲ ਹੋਵੇਗਾ ।

# ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਹਰਿਆਵਲ ਲਹਿਰ ਤਹਿਤ ਲਗਾਏ ਬੂਟੇ



**ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼?ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ਼?ਰੀ ਅਨੰਦਪੁਰ ਸਾਹਿਬ ਵਿਖੇ ਵਣ ਮਹਾਂਉਤਸਵ ਤਹਿਤ ਕਾਲਜ ਪ੍ਰਿੰਸੀਪਲ ਡਾ. ਜਸਵੀਰ ਸਿੰਘ ਅਤੇ ਐੱਨ.ਐੱਸ.ਐੱਸ. ਵਲੰਟੀਅਰਾਂ ਵਲੋਂ ਬੂਟੇ ਲਗਾਏ ਗਏ। ਹਰਿਆਵਲ ਅਤੇ ਵਣਾਂ ਦੇ ਮਹੱਤਤਾ ਤੇ ਜ਼ੋਰ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਕਿਹਾ ਕਿ ਅਜੋਕੇ ਯੁੱਗ ਵਿੱਚ ਕੁਦਰਤ ਨਾਲ ਜੁੜੇ ਹਰ ਸੋਮੇ ਦੀ ਸੰਭਾਲ ਕਰਨ ਦੀ ਜ਼ਰੂਰਤ ਹੈ। ਉਹਨਾਂ ਕਿਹਾ ਕਿ ਪ੍ਰਦੂਸ਼ਣ ਅਤੇ ਗਲੋਬਲ ਵਾਰਮਿੰਗ ਦੇ ਨਿਰੰਤਰ ਵੱਧ ਰਹੇ ਪ੍ਰਭਾਵ ਨੂੰ ਰੋਕਣ ਲਈ ਰੁੱਖਾਂ ਅਤੇ ਹਰਿਆਵਲ ਦੀ ਪ੍ਰਫੁੱਲਤਾ ਹੋਣੀ ਬਹੁਤ ਜ਼ਰੂਰੀ ਹੈ, ਇਸ ਲਈ ਸਾਨੂੰ ਸਭ ਨੂੰ ਯਤਨ ਕਰਨ ਚਾਹੀਦਾ ਹੈ ਕਿ ਅਸੀਂ ਆਪਣੇ ਆਲੇ ਦੁਆਲੇ ਰੁੱਖ ਅਤੇ ਬੂਟੇ ਜ਼ਰੂਰ ਲਾਈਏ। ਇਸ ਦੌਰਾਨ ਐਨ.ਐੱਸ.ਐੱਸ. ਪ੍ਰੋਗਰਾਮ ਅਫ਼ਸਰ ਪ੍ਰੋ. ਦਿਲਸ਼ੇਰ ਬੀਰ ਸਿੰਘ, ਡਾ. ਅਮਨਦੀਪ ਕੌਰ ਅਤੇ ਡਾ. ਵੀਰਪਾਲ ਸਿੰਘ ਵੀ ਮੌਜੂਦ ਸਨ।

**■ ਅਜੋਕੇ ਯੁੱਗ ਵਿੱਚ ਕੁਦਰਤ ਨਾਲ ਜੁੜੇ ਹਰ ਸੋਮੇ ਦੀ ਸੰਭਾਲ ਕਰਨ ਦੀ ਜ਼ਰੂਰਤ**

# ਗੁਰਦੁਆਰਾ ਪੰਡਿਤ ਅਯੁਧਿਆ ਨਾਥ ਗਾਹਲੜੀ ਚ ਗੁਰਮਤਿ ਸਿਖਲਾਈ ਪ੍ਰਾਪਤ ਕਰਨ ਵਾਲੇ 40 ਬੱਚਿਆਂ ਨੂੰ ਸਨਮਾਨਿਤ ਕੀਤਾ



**• ਦੋਰਾਂਗਲਾ,ਰਾਕੇਸ਼ ਜੀਵਨ ਚੱਕ**

ਗੁਰਦੁਆਰਾ ਪੰਡਿਤ ਅਯੁਧਿਆ ਨਾਥ ਪਿੰਡ ਗਾਹਲੜੀ ਵਿਖੇ ਸਕੱਤਰ ਧਰਮ ਪ੍ਰਚਾਰ ਕਮੇਟੀ ਸ ਬਲਵਿੰਦਰ ਸਿੰਘ ਕਾਹਲਵਾਂ ਅਤੇ ਪ੍ਰਿੰ ਮਨਜੀਤ ਕੌਰ ਵਲੋਂ ਭੇਜੇ ਗਏ ਸਹੀਦ ਸਿੱਖ ਮਿਸ਼ਨਰੀ ਕਾਲਜ ਦੇ ਪਾਸ ਆਊਟ ਵਿਦਿਆਰਥੀਆਂ ਵਲੋਂ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ । ਜਿਸ ਵਿੱਚ ਪਿੰਡ ਗਾਹਲੜੀ ਦੇ 40 ਬੱਚਿਆਂ ਵਲੋਂ ਗੁਰਮਤਿ ਸਿਖਲਾਈ ਕੈਂਪ ਵਿੱਚ ਪਹੁੰਚ ਕੇ ਸਿੱਖ ਇਤਹਾਸ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਕਲਾਸਾਂ ਲਗਾਇਆ ਗਈਆ ।ਇਸ ਧਾਰਮਿਕ ਸਿਖਲਾਈ ਕੈਂਪ ਦੇ ਅੱਜ ਸਮਾਪਤੀ ਸਮੇਂ ਗਿਆਨੀ ਵਰਿਆਮ ਸਿੰਘ ,ਵਿਦਵਾਨ ਪ੍ਰਚਾਰਕ ਅਮਰਜੀਤ ਸਿੰਘ ਚਿੱਟੀ,ਭਾਈ ਸੁਖਪਾਲ ਸਿੰਘ,ਗੁਰਜੀਤ ਸਿੰਘ ਗਾਹਲੜੀ ਅਤੇ ਸਿੱਖ ਮਿਸ਼ਨਰੀ ਕਾਲਜ ਦੇ ਪਾਸ ਆਊਟ ਵਿਦਿਆਰਥੀਆਂ ਵਲੋਂ ਧਾਰਮਿਕ ਸਿਖਲਾਈ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸੀਲਡਾਂ ਅਤੇ ਸਰਟੀਫ਼ਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ । ਧਾਰਮਿਕ ਸਿਖਲਾਈ ਕੈਂਪ ਵਿੱਚ ਵਿਸ਼ੇਸ਼ ਸਹਿਯੋਗ ਮੈਨੇਜਰ ਹਰਜੀਤ ਸਿੰਘ ਗੁਰਦੁਆਰਾ ਟਾਹਲੀ ਸਾਹਿਬ ਗਾਹਲੜੀ ਜੀ ਵਲੋਂ ਕੀਤਾ ਗਿਆ ,ਜਿਹਨਾਂ ਦਾ ਪ੍ਰਬੰਧਕਾਂ ਵਲੋਂ ਧੰਨਵਾਦ ਕੀਤਾ ਗਿਆ ।

# ਜ਼ਿਲ੍ਹਾ ਸਿੱਖਿਆ ਅ.ਫਸਰ (ਸੈ.ਸਿੱ) ਸ੍ਰੀ ਮੁਕਤਸਰ ਸਾਹਿਬ ਵੱਲੋਂ ਸਕੂਲਾਂ ਦਾ ਦੌਰਾ




■ ਵਿਜ਼ਿਟ ਦਾ ਮੁੱਖ ਮਕਸਦ ਸਕੂਲਾਂ ਦੀ ਬੁਨਿਆਦੀ ਸਹੂਲਤਾਂ ਤੇ ਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਦੇਖ ਉਨ੍ਹਾਂ ਨੂੰ ਪੱਧਰ ਅਨੁਸਾਰ ਦੂਰ ਕਰਨਾ ਹੈ - ਸ੍ਰੀ ਰਾਜੀਵ ਛਾਬੜਾ

■ ਸਿੱਖਿਆ ਵਿਭਾਗ ਹਰ ਬੱਚੇ ਨੂੰ ਮਿਆਰੀ ਸਿੱਖਿਆ ਦੇਣ ਲਈ ਵਚਨਬੱਧ ਹੈ - ਜ਼ਿਲ੍ਹਾ ਸਿੱਖਿਆ ਅ.ਫਸਰ ਸ੍ਰੀ ਮੁਕਤਸਰ ਸਾਹਿਬ

**• ਸ੍ਰੀ ਮੁਕਤਸਰ ਸਾਹਿਬ**

ਮਾਨਯੋਗ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਅਤੇ ਅਧਿਆਪਕਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਸ੍ਰੀ ਰਾਜੀਵ ਛਾਬੜਾ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਕੂਵਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵੜਿੰਗ ਖੇੜਾ ਆਦਿ ਸਕੂਲ?ਾਂ ਦਾ ਦੌਰਾ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਿਲ੍ਹਾ ਸਿੱਖਿਆ ਅਫਸਰ ਸ੍ਰੀ ਰਾਜੀਵ ਛਾਬੜਾ ਨੇ ਕਿਹਾ ਕਿ ਅੱਜ ਦੇ ਨਿਰੀਖਣ ਦਾ ਮੁੱਖ ਮੰਤਵ ਸਕੂਲਾਂ ਦੀਆਂ ਬੁਨਿਆਦੀ ਸਹੂਲਤਾਂ ਅਤੇ ਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਦੇਖ ਕੇ ਉਨ੍ਹਾਂ ਮੁਸ਼ਕਲਾਂ ਦਾ ਪੱਧਰ ਅਨੁਸਾਰ ਹੱਲ ਕਰਨਾ ਹੈ। ਉਨ੍ਹਾਂ ਅੱਜ ਦੀਆਂ ਵਿਜ਼ਿਟ ਦੌਰਾਨ ਅਧਿਆਪਕਾਂ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਹਨਾਂ ਨਾਲ ਸਮਾਰਟ ਸਕੂਲ ਕੋਆਰਡੀਨੇਟਰ ਸ੍ਰੀ ਜਸਪਾਲ ਮੋਂਗਾ, ਅਮਰਦੀਪ ਸਿੰਘ ਜਿਲ੍ਹਾ ਸਿੱਖਿਆ ਦਫ਼ਤਰ ਸ੍ਰੀ ਮੁਕਤਸਰ ਸਾਹਿਬ ਵੀ ਹਾਜ਼ਰ ਸਨ।

# ਸਮਾਰਟ ਮੀਟਰ ਵਿਰੋਧੀ ਫਰੰਟ ਵਲੋਂ ਨਿਗਰਾਨ ਇੰਜੀਨੀਅਰ ਪਾਵਰਕੌਮ ਦੇ ਦਫਤਰ ਅੱਗੇ ਧਰਨਾ 28 ਨੂੰ




**• ਸਹੀਦ ਭਗਤ ਸਿੰਘ ਨਗਰ**

ਪਾਵਰਕੌਮ ਵਲੋਂ ਬਿਜਲੀ ਦੇ ਲਾਏ ਜਾ ਰਹੇ ਚਿੱਪ ਵਾਲੇ ਸਮਾਰਟ ਮੀਟਰਾਂ ਦੇ ਵਿਰੋਧ ਵਿੱਚ ਜਥੇਬੰਦੀਆਂ ਦੇ ਆਗੂਆਂ ਦੀ ਸਾਂਝੀ ਮੀਟਿੰਗ ਸਥਾਨਕ ਗੁਰਦੁਆਰਾ ਮੰਜੀ ਸਾਹਿਬ ਵਿਖੇ ਹੋਈ।ਇਸ ਮੀਟਿੰਗ ਵਿੱਚ ਜਥੇਬੰਦੀਆਂ ਤੇ ਅਧਾਰਿਤ ਸਮਾਰਟ ਮੀਟਰ ਵਿਰੋਧੀ ਫਰੰਟ ਦਾ ਗਠਨ ਕੀਤਾ ਗਿਆ।ਫਰੰਟ ਵਲੋਂ 28 ਅਗਸਤ ਨੂੰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਪਾਵਰਕੌਮ ਦੇ ਨਿਗਰਾਨ ਇੰਜੀਨੀਅਰ ਦੇ ਗੜ੍ਹਸ਼ੰਕਰ ਰੋਡ ,ਨਵਾਂਸ਼ਹਿਰ ਦਫਤਰ ਅੱਗੇ ਧਰਨਾ ਦੇਣ ਦਾ ਫੈਸਲਾ ਕੀਤਾ ਗਿਆ।ਧਰਨੇ ਤੋਂ ਪਹਿਲਾਂ 17 ਅਗਸਤ ਨੂੰ 11 ਵਜੇ ਸਮਾਰਟ ਮੀਟਰਾਂ ਸਬੰਧੀ ਨਿਗਰਾਨ ਇੰਜੀਨੀਅਰ ਨੂੰ ਫਰੰਟ ਦਾ ਡੈਪੂਟੇਸ਼ਨ ਮਿਲੇਗਾ।ਇਸ ਮੀਟਿੰਗ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਇਲਾਕਾ ਪ੍ਰਧਾਨ ਪਰਮਜੀਤ ਸਿੰਘ ਸ਼ਹਾਬ ਪੁਰ ,ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾ ਪ੍ਰਧਾਨ ਗੁਰਬਖਸ਼ ਕੌਰ ਸੰਘਾ, ਇਫਟੂ ਦੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਇਫਟੂ ਦੇ ਜਿਲਾ ਪ੍ਰਧਾਨ ਗੁਰਦਿਆਲ ਰੱਕੜ,ਪੇਂਡੂ ਮਜਦੂਰ ਯੂਨੀਅਨ ਦੇ ਸੂਬਾ ਆਗੂ ਕਮਲਜੀਤ ਸਨਾਵਾ, ਹਰੀ ਰਾਮ ਰਸੂਲਪੁਰੀ, ਆਟੋ ਵਰਕਰਜ਼ ਯੂਨੀਅਨ ਦੇ ਜਿਲਾ ਆਗੂ ਤਰਨਜੀਤ, ਪ੍ਰਵਾਸੀ ਮਜਦੂਰ ਯੂਨੀਅਨ ਦੇ ਜਿਲਾ ਪ੍ਰਧਾਨ ਪਰਵੀਨ ਕੁਮਾਰ ਨਿਰਾਲਾ, ਉਸਾਰੀ ਮਿਸਤਰੀ ਮਜਦੂਰ ਯੂਨੀਅਨ ਦੇ ਆਗੂ ਸ਼ਿਵ ਨੰਦਨ ਕੁਮਾਰ, ਰੇਹੜੀ ਵਰਕਰਜ਼ ਯੂਨੀਅਨ ਦੇ ਆਗੂ ਰਾਮ ਪਰਵੇਸ਼ ਭਗਤ ਨੇ ਸੰਬੋਧਨ ਕੀਤਾ। ਆਗੂਆਂ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਬਿਜਲੀ ਦੇ ਚਿੱਪ ਵਾਲੇ ਸਮਾਰਟ ਮੀਟਰ ਲਾਕੇ ਸਸਤੀ ਅਤੇ ਮੁਫਤ ਬਿਜਲੀ ਦੀ ਸਹਾਇਤਾ ਬੰਦ ਕਰਕੇ ਪਾਵਰਕੌਮ ਨੂੰ ਕਾਰਪੋਰੇਟ ਘਰਾਣਿਆਂ ਹਵਾਲੇ ਕਰਨਾ ਚਾਹੁੰਦੀ ਹੈ।ਜਿਸ ਤਰ੍ਹਾਂ ਮੋਦੀ ਸਰਕਾਰ ਨੇ ਰਸੋਈ ਗੈਸ ਤੇ ਮਿਲਣ ਵਾਲੀ ਸਬਸਿਡੀ ਖਤਮ ਕਰ ਦਿੱਤੀ ਹੈ।ਹੁਣ ਖਪਤਕਾਰ ਬਿਜਲੀ ਪਹਿਲਾਂ ਵਰਤਦਾ ਹੈ ਅਤੇ ਇਸਦੀ ਅਦਾਇਗੀ ਬਾਅਦ ਵਿੱਚ ਕਰਦਾ ਹੈ ਪਰ ਚਿੱਪ ਵਾਲੇ ਪ੍ਰੀਪੇਡ ਸਮਾਰਟ ਮੀਟਰ ਲੱਗਣ ਨਾਲ ਖਪਤਕਾਰ ਨੂੰ ਬਿਜਲੀ ਦੀ ਵਰਤੋਂ ਕਰਨ ਤੋਂ ਪਹਿਲਾਂ ਹੀ ਪੈਸੇ ਜਮ?ਹਾਂ ਕਰਾਉਣੇ ਪੈਣਗੇ, ਪੈਸੇ ਖਤਮ ਹੁੰਦਿਆਂ ਹੀ ਘਰ ਵਿੱਚ ਹਨੇਰਾ ਛਾ ਜਾਵੇਗਾ।ਉਹਨਾਂ ਕਿਹਾ ਕਿ ਨਵੇਂ ਸਮਾਰਟ ਮੀਟਰਾਂ ਦੀ ਕੀਮਤ ਦਾ ਬੋਝ ਵੀ ਖਪਤਕਾਰਾਂ ਦੇ ਸਿਰ ਹੀ ਪਵੇਗਾ।ਆਗੂਆਂ ਨੇ ਕਿਹਾ ਕਿ ਸਮਾਰਟ ਮੀਟਰ ਲੱਗਣ ਨਾਲ ਬਿਜਲੀ ਮੁਲਾਜਮਾ ਦੀ ਲੋੜ ਘਟ ਜਾਵੇਗੀ ਜਿਵੇਂ ਕਿ ਮੀਟਰ ਰੀਡਰਾਂ ਦੀ।ਇਸ ਤਰ੍ਹਾਂ ਪਾਵਰਕੌਮ ਵਿੱਚ ਨੌਕਰੀ ਦੇ ਮੌਕੇ ਸੁੰਗੜ ਜਾਣਗੇ।ਜੇਕਰ ਖਪਤਕਾਰ ਅਜੇ ਵੀ ਨਾ ਜਾਗੇ ਤਾਂ ਮਾਨ ਸਰਕਾਰ ਭਵਿੱਖ ਵਿੱਚ ਖੇਤੀ ਮੋਟਰਾਂ ਉੱਤੇ ਸਮਾਰਟ ਮੀਟਰ ਲਾਕੇ ਕਿਸਾਨਾਂ ਨੂੰ ਮਿੱਲ ਰਹੀ ਮੁਫਤ ਬਿਜਲੀ ਦੀ ਸਹੂਲਤ ਦਾ ਵੀ ਭੋਗ ਪਾ ਸਕਦੀ ਹੈ।ਆਗੂਆਂ ਨੇ ਕਿਹਾ ਕਿ ਇਸ ਫਰੰਟ ਵਿੱਚ ਸ਼ਾਮਲ ਸਾਰੀਆਂ ਜਥੇਬੰਦੀਆਂ ਆਪਣੀਆਂ ਆਪਣੀਆਂ ਮੀਟਿੰਗਾਂ ਕਰਕੇ 28 ਅਗਸਤ ਦੇ ਜਿਲਾ ਪੱਧਰੀ ਧਰਨੇ ਦੀਆਂ ਤਿਆਰੀਆਂ ਕਰਨਗੀਆਂ।ਆਗੂਆਂ ਨੇ ਕਿਹਾ ਕਿ ਸਮਾਰਟ ਮੀਟਰ ਵਿਰੋਧੀ ਫਰੰਟ ਸਮਾਰਟ ਮੀਟਰਾਂ ਦਾ ਤਿੱਖਾ ਵਿਰੋਧ ਕਰੇਗਾ।

# ਸਦਾਬਹਾਰ ਫ਼ਲਦਾਰ ਬੂਟੇ ਨਿੰਬੂ ਜਾਤੀ, ਅੰਬ, ਲੀਚੀ, ਅਮਰੂਦ, ਲੁਕਾਠ, ਪਪੀਤਾ, ਚੀਕੂ ਆਦਿ ਲਗਾਉਣ ਲਈ ਅਗਸਤ ਦਾ ਮਹੀਨਾ ਬਹੁਤ ਹੀ ਢੁੱਕਵਾਂ : ਬਾਗਬਾਨੀ ਵਿਭਾਗ

**• ਗੁਰਦਾਸਪੁਰ-ਨਵਨੀਤ ਕੁਮਾਰ**



ਸਦਾਬਹਾਰ ਫ਼ਲਦਾਰ ਬੂਟੇ ਜਿਵੇਂ ਨਿੰਬੂ ਜਾਤੀ, ਅੰਬ, ਲੀਚੀ, ਅਮਰੂਦ, ਲੁਕਾਠ, ਪਪੀਤਾ, ਚੀਕੂ ਆਦਿ ਲਗਾਉਣ ਲਈ ਅਗਸਤ ਦਾ ਮਹੀਨਾ ਬਹੁਤ ਹੀ ਢੁੱਕਵਾਂ ਹੈ, ਇਸ ਲਈ ਅਗਸਤ ਮਹੀਨੇ ਕਿਸਾਨਾਂ ਨੂੰ ਆਪਣਾ ਕੁਝ ਖੇਤੀ ਰਕਬਾ ਬਾਗਾਂ ਦੇ ਹੇਠਾਂ ਲਿਆਉਣਾ ਚਾਹੀਦਾ ਹੈ। ਕਿਸਾਨਾਂ ਨੂੰ ਇਹ ਅਪੀਲ ਕਰਦਿਆਂ ਬਟਾਲਾ ਦੇ ਬਾਗਬਾਨੀ ਵਿਭਾਗ ਦੇ ਡਿਪਟੀ ਡਾਇਰੈਕਟਰ ਸ. ਤਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਬਰਸਾਤਾਂ ਦੇ ਮੌਸਮ ਵਿੱਚ ਬਾਗਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਉਨਾਂ ਕਿਹਾ ਕਿ ਬਾਗਾਂ ਵਿੱਚ ਬਹੁਤ ਦੇਰ ਖੜਾ ਪਾਣੀ ਖਰਾਬੀ ਕਰ ਸਕਦਾ ਹੈ, ਸੋ ਵਾਧੂ ਪਾਣੀ ਕੱਢਣ ਦਾ ਢੁੱਕਵਾਂ ਪ੍ਰਬੰਧ ਕਰਨਾ ਚਾਹੀਦਾ ਹੈ। ਉਨਾਂ ਕਿਹਾ ਕਿ ਜਿਆਦਾ ਪਾਣੀ ਖੜਨ ਕਾਰਨ ਬੂਟਿਆਂ ਖਾਸ ਕਰਕੇ ਪਪੀਤਾ, ਨਾਸ਼ਪਾਤੀ ਅਤੇ ਆੜੂ ਦੀਆਂ ਜੜਾਂ ਗਲਣ ਦੀ ਸਿਕਾਇਤ ਹੋ ਸਕਦੀ ਹੈ, ਇਸ ਲਈ ਇਨਾਂ ਬੂਟਿਆਂ ਦੁਆਲਿਓ ਜਿੰਨੀ ਛੇਤੀ ਹੋ ਸਕੇ, ਪਾਣੀ ਕੱਢ ਦਿਓ ਅਤੇ ਵੱਤਰ ਆਉਣ ਤੇ ਹਲਕੀ ਗੋਡੀ ਕਰੋ। ਡਿਪਟੀ ਡਾਇਰੈਕਟਰ ਸ. ਤਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਨਿੰਬੂ ਜਾਤੀ ਦੇ ਬੂਟਿਆਂ ਵਿੱਚ ਜ਼ਿੰਕ ਅਤੇ ਮੈਂਗਨੀਜ ਦੀ ਘਾਟ ਦੀ ਪੂਰਤੀ ਲਈ ਜ਼ਿੰਕ ਸਲਫੇਟ (4.70 ਗ੍ਰਾਮ ਪ੍ਰਤੀ ਲਿਟਰ ਪਾਣੀ) ਅਤੇ ਮੈਗਨੀਜ਼ ਸਲਫੇਟ (3.30 ਗ੍ਰਾਮ ਪ੍ਰਤੀ ਲਿਟਰ ਪਾਣੀ) ਨੂੰ ਮਿਲਾ ਕੇ ਛਿੜਕਾਅ ਕਰਨੀ ਚਾਹੀਦੀ ਹੈ। ਨਿੰਬੂ ਜਾਤੀ ਦੇ ਫਲਾਂ ਦੇ ਕੇਰੇ ਨੂੰ ਰੋਕਣ ਲਈ 2.4-ਡੀ ਸੋਡੀਅਮ ਸਾਲਟ (ਹਾਰਟੀਕਲਚਰਲ ਗ੍ਰੇਡ) 5 ਗ੍ਰਾਮ ਦਾ ਛਿੜਕਾਅ 500 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ। ਬੋਰਡੋ ਮਿਸਰਣ (2:2:250) ਦਾ ਛਿੜਕਾਅ ਸੰਤਰੇ, ਮਾਲਟੇ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਕਰੋ। ਨਿੰਬੂ ਜਾਤੀ ਦੇ ਪੈਰ ਗਲਣ ਦੇ ਰੋਗ ਨੂੰ ਰੋਕਣ ਲਈ ਸੋਡੀਅਮ ਹਾਈਪੋਕਲੋਰਾਈਟ (5 ਫੀਸਦੀ) ਨੂੰ 10 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟਿਆਂ ਦੀ ਛੱਤਰੀ ਹੇਠ ਮਿੱਟੀ ਅਤੇ ਮੁੱਖ ਤਣਿਆਂ ਨੂੰ ਗੜੁੱਚ ਕਰੋ। ਇਸ ਤੋਂ ਇਲਾਵਾ ਸੋਡੀਅਮ ਹਾਈਕਲੋਰਾਈਡ ਤੇ ਛਿੜਕਾਅ ਤੋਂ ਹਫਤੇ ਬਾਅਦ 100 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ ਫਾਰਮੂਲੇਸ਼ਣ ਨੂੰ 2.5 ਕਿੱਲੋ ਰੂੜੀ ਦੀ ਖਾਦ ਵਿੱਚ ਮਿਲਾ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟੇ ਦੀ ਛੱਤਰੀ ਹੇਠ ਪਾ ਕੇ ਵੀ ਇਸ ਰੋਗ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਸ. ਬਾਜਵਾ ਨੇ ਅੱਗੇ ਦੱਸਿਆ ਕਿ ਨਿੰਬੂ ਜਾਤੀ ਦੇ ਫ਼ਲਾਂ ਵਿੱਚ ਫ਼ਲ ਦੀ ਮੱਖੀ ਦੀ ਰੋਕਥਾਮ ਲਈ ਅਗਸਤ ਦੇ ਦੂਜੇ ਹਫਤੇ 16 ਪੀ.ਏ.ਯੂ. ਫਰੂਟ ਫਲਾਈ ਟਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ ਲਗਾਉ ਅਤੇ ਲੋੜ ਪੈਣ ਤੇ ਦੁਬਾਰਾ ਟਰੈਪ ਲਾਓ। ਅੰਗੂਰਾਂ ਦੇ ਕੋਹੜ ਅਤੇ ਪੀਲੇ ਧੱਬਿਆਂ ਦੀ ਰੋਕਥਾਮ ਲਈ ਅਗਸਤ ਦੇ ਆਖੀਰ ਵਿੱਚ ਬੋਰਡੋ ਮਿਸ਼ਰਣ ਦਾ ਛਿੜਕਾਅ 500 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕੀਤਾ ਜਾਵੇ।

# ਖ਼ਾਲਸਾ ਕਾਲਜ ਇੰਜ਼ੀਨੀਅਰਿੰਗ ਵਿਖੇ ਤੀਜ਼ ਤਿਉਹਾਰ ਮਨਾਇਆ



**• ਅੰਮ੍ਰਿਤਸਰ**

ਖ਼ਾਲਸਾ ਕਾਲਜ ਆਫ਼ ਇੰਜ਼ੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਤੀਜ਼ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਦੀ ਅਗਵਾਈ ਹੇਠ ਕਰਵਾਏ ਗਏ ਤੀਜ਼ ਪ੍ਰੋਗਰਾਮ ਤੋਂ ਇਲਾਵਾ ਰੁੱਖ ਲਗਾਉਣ ਦੀ ਮੁਹਿੰਮ ਦਾ ਵੀ ਅਗਾਜ਼ ਕੀਤਾ ਗਿਆ। ਜਿਸ ਦੌਰਾਨ ਸਟਾਫ਼ ਅਤੇ ਵਿਦਿਆਰਥੀਆਂ ਨੇ ਗੁਲਮੋਹਰ, ਆਂਵਲਾ, ਖਜੂਰ, ਸ਼ੀਹਸਾਮ ਅਤੇ ਬੋਗਨਵੇਲੀਆ ਦੇ ਤਕਰੀਬਨ 50 ਬੂਟੇ ਲਗਾਏ ਗਏ। ਇਸ ਮੌਕੇ ਡਾ. ਮੰਜੂ ਬਾਲਾ ਨੇ ਤਰੱਕੀ ਦੇ ਰਾਹ ’ਤੇ ਚੱਲਦਿਆਂ ਸੂਬੇ ਦੇ ਰਵਾਇਤੀ ਸੱਭਿਆਚਾਰ ਅਤੇ ਵਿਰਸੇ ਨੂੰ ਸੰਭਾਲਣ ਦੀ ਜ਼ਰੂਰਤ ’ਤੇ ਵਿਚਾਰ ਕੀਤਾ। ਉਨ੍ਹਾਂ ਨੇ ਮੌਨਸੂਨ ਦੇ ਮੌਸਮ ਦੌਰਾਨ ਰੁੱਖ ਲਗਾਉਣ ਅਤੇ ਤੀਜ ਦੇ ਤਿਉਹਾਰ ਦੀ ਮਹੱਤਤਾ ’ਤੇ ਚਾਨਣਾ ਪਾਇਆ ਅਤੇ ਕਿਹਾ ਕਿ ਇਹ ਸੂਬੇ ’ਚ ਭਰਪੂਰ ਮਾਨਸੂਨ ਦੇ ਰਵਾਇਤੀ ਚਿੰਨ੍ਹ ਹਨ। ਉਨ੍ਹਾਂ ਵਾਤਾਵਰਨ ਨੂੰ ਸਾਫ਼ ਸੁਥਰਾ ਰੱਖਣ ਦੀ ਅਪੀਲ ਕਰਦਿਆਂ ਅਜਿਹੇ ਸਮਾਗਮ ਕਰਵਾਉਣ ਦੀ ਲੋੜ ’ਤੇ ਚਰਚਾ ਕੀਤੀ

ਇਸ ਤੋਂ ਬਾਅਦ ਤੀਜ ਤਿਉਹਾਰ ਢੋਲ ਦੀ ਥਾਪ ’ਤੇ ਰਵਾਇਤੀ ਨਾਚ ਅਤੇ ਖੀਰ ਮਾਲਪੂੜੇ ਦੇ ਸੁਆਦ ਵਿਚਕਾਰ ਮਨਾਇਆ ਗਿਆ। ਇਸ ਮੌਕੇ ਵਿਦਿਆਰਥਣਾਂ ਨੇ ਡਾਂਸ, ਗਿੱਧਾ ਅਤੇ ਭੰਗੜਾ ਪੇਸ਼ ਕੀਤਾ। ਇਸ ਮੌਕੇ ਬੀ. ਟੈਕ ਸੀ. ਐਸ. ਈ. ਸਮੈਸਟਰ 7ਵੀਂ ਦੀ ਆਰਜ਼ੂ ਨੂੰ ‘ਸਾਵਣ-2023’ ਚੁਣਿਆ ਗਿਆ। ਇਸ ਮੌਕੇ ਸਮੂਹ ਕਾਲਜ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# 8736 ਕੱਚੇ ਅਧਿਆਪਕ ਯੂਨੀਅਨ ਦੀ ਰੈਲੀ ਮੁਲਤਵੀ

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

8736 ਕੱਚੇ ਅਧਿਆਪਕ ਯੂਨੀਅਨ ਪੰਜਾਬ ਵਲੋ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ 6 ਅਗਸਤ ਨੂੰ ਕੀਤੀ ਜਾਣ ਵਾਲੀ ਰੋਸ਼ ਰੈਲੀ ਮੁਲਤਵੀ ਕਰ ਦਿੱਤੀ ਗਈ ਹੈ।ਇਹ ਜਾਣਕਾਰੀ ਸੂਬਾ ਪ੍ਰਧਾਨ ਮਨਪ੍ਰੀਤ ਸਿੰਘ ਮੋਗਾ, ਗੁਰਲਾਲ ਸਿੰਘ ਅਤੇ ਬਲਵਿੰਦਰ ਸਿੰਘ ਸਿੰਘਪੁਰ ਨੇ ਦਿੱਤੀ। ਉਹਨਾ ਕਿਹਾ ਕਿ ਇਹ ਫੈਸਲਾ ਸਿੱਖਿਆ ਮੰਤਰੀ ਵਲੋਂ ਜਥੇਬੰਦੀ ਨੂੰ ਆਪਣੀਆਂ ਮੰਗਾਂ ਸਬੰਧੀ 9 ਅਗਸਤ ਨੂੰ ਸਵੇਰੇ 11 ਵਜੇ ਚੰਡੀਗੜ੍ਹ ਵਿਖੇ ਮੀਟਿੰਗ ਕਰਨ ਦੇ ਸੱਦੇ ਤੋਂ ਬਾਅਦ ਲਿਆ ਗਿਆ ਹੈ। ਉਹਨਾ ਕਿਹਾ ਕਿ ਜਥੇਬੰਦੀ ਹਮੇਸ਼ਾ ਹੀ ਗੱਲਬਾਤ ਕਰਨ ਦੀ ਮੁਦੱਈ ਰਹੀ ਹੈ। ਪਰੰਤੂ ਜੇਕਰ ਫੈਸਲਾ ਨਹੀਂ ਹੁੰਦਾ ਤਾਂ ਸਖਤ ਸਘੰਰਸ਼ ਵੀ ਉਲੀਕਿਆ ਜਾ ਸਕਦਾ ਹੈ।

# ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਲੋਦੀਪੁਰ ਵਿਖੇ ਮਨਾਇਆ ਤੀਆਂ ਦਾ ਮੇਲਾ

## ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਮਾਤਾ ਬਲਵਿੰਦਰ ਕੌਰ ਨੇ ਮੁਖ ਮਹਿਮਾਨ ਵਜੋਂ ਕੀਤੀ ਸ਼ਿਰਕਤ







• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ

ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਲੋਦੀਪੁਰ ਵਿਖੇ ਅੱਜ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਮਾਤਾ ਬਲਵਿੰਦਰ ਕੌਰ ਸਨ। ਸਕੂਲ ਪ੍ਰਿੰਸੀਪਲ ਅਵਤਾਰ ਸਿੰਘ ਦੜੌਲੀ ਨੇ ਸਭ ਨੂੰ ਜੀ ਆਇਆਂ ਆਖਿਆ ਤੇ ਸਮੂਹ ਸਟਾਫ ਤੇ ਬੱਚਿਆਂ ਨੂੰ ਇਸ ਤਿਉਹਾਰ ਦੀਆਂ ਸੁਭਕਾਮਨਵਾਂ ਦਿੱਤੀਆਂ। ਇਸ ਸਮਾਗਮ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਗਿੱਧਾ ਭੰਗੜਾ ਬੋਲੀਆਂ ਅਤੇ ਕੋਰਿਓਗ੍ਰਾਫੀ ਦੀਆਂ ਪੇਸ਼ਕਾਰੀਆਂ ਦਿਲ ਟੁੰਬਣ ਵਾਲੀਆਂ ਸਨ। ਇਸ ਸਮਾਗਮ ਵਿੱਚ ਰਵਾਇਤੀ ਖਾਣੇ ਦਾ ਲੰਗਰ ਵਰਤਾਇਆ ਗਿਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਮਾਜ ਸੇਵੀ ਇੰਦਰਜੀਤ ਕੌਰ ਅਤੇ ਤਲਵਿੰਦਰ ਸਿੰਘ ਦੜੌਲੀ ਉਚੇਚੇ ਤੌਰ ਤੇ ਪਹੁੰਚੇ ਉਨ੍ਹਾਂ ਵੱਲੋਂ ਲੋੜੀਂਦੇ ਵਿਦਿਆਰਥੀਆਂ ਨੂੰ ਬੂਟ ਤੇ ਸਮੱਗਰੀ ਵੰਡੀ ਗਈ। ਬੁਲਾਰਿਆਂ ਨੇ ਸਾਉਣ ਤੇ ਮਹੀਨੇ ਤੀਆਂ ਦਾ ਤਿਉਹਾਰ ਮਨਾਉਣ ਵਾਲੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵਡਮੁੱਲੀ ਜਾਣਕਾਰੀ ਦਿੱਤੀ। ਇਸ ਮੌਕੇ ਲੈਕ ਚਰਨਜੀਤ ਸਿੰਘ, ਤਪਿੰਦਰ ਕੌਰ,ਬਲਜੀਤ ਕੌਰ,ਗੁਰਪ੍ਰੀਤ ਕੌਰ,ਮਨਿੰਦਰ ਕੌਰ,ਬਲਕਾਰ ਸਿੰਘ,ਮੁਕੇਸ਼ ਕੁਮਾਰ, ਚੇਅਰਮੈਨ ਐਸ ਐਮ ਸੀ ਪ੍ਰਮੋਦ ਕੁਮਾਰ, ਜਸਵਿੰਦਰ ਸਿੰਘ ਬਾਠ,ਅਜਵਿੰਦਰ ਕੌਰ,ਸੁਖਵਿੰਦਰ ਕੌਰ,ਰਾਜਵੀਰ ਕੌਰ, ਪ੍ਰੇਹਾ,ਸੰਦੀਪਾ,ਕਮਲਜੀਤ ਕੌਰ,ਕਮਲਪ੍ਰੀਤ ਸਿੰਘ, ਹਰਸਿਮਰਨ ਸਿੰਘ,ਸੁਰਿੰਦਰਪਾਲ ਸਿੰਘ,ਨਿਰਮਲ ਸਿੰਘ,ਅਮਰਜੀਤ ਸਿੰਘ, ਗੁਰਮੇਲ ਸਿੰਘ,ਅੰਮ੍ਰਿਤਪਾਲ ਸਿੰਘ,ਵਰੁਣ ਕੁਮਾਰ,ਰਮਾ ਰਾਣੀ,ਸ਼ਰਨਜੀਤ ਕੌਰ,ਸੀਮਾ ਰਾਣੀ,ਗੁਰਪ੍ਰੀਤ ਕੌਰ,ਸੋਨੀਆ ਰਾਣੀ,ਰਜਨੀ ,ਗੁਰਨੈਬ ਸਿੰਘ,ਲਖਵੀਰ ਸਿੰਘ,ਸ਼ੁਸ਼ੀਲ ਕੁਮਾਰ,ਗੁਰਪ੍ਰੀਤ ਸਿੰਘ,ਗੀਨਾ,ਕੁਲਜਿੰਦਰ ਕੌਰ,ਚਰਨਜੀਤ ਕੌਰ,ਤੇਜਵੰਤ ਕੌਰ,ਦਵਿੰਦਰ ਕੌਰ,ਨਿਰਮਲ ਆਦਿ ਹਾਜਰ ਸਨ।

# ਭਗਤ ਪੂਰਨ ਸਿੰਘ ਜੀ ਦੀ 31ਵੀਂ ਬਰਸੀ ਸਮਾਗਮ ਕਰਵਾਇਆ

## ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਕੇ ਪੰਡਾਲ ਵਿੱਚ ਬੈਠੀਆਂ ਸੰਗਤਾਂ ਨੂੰ ਕੀਤਾ ਨਿਹਾਲ

ਸਿੰਘ
ਮੀਤ






**ਭਗਤ** ਪੂਰਨ ਸਿੰਘ ਜੀ ਦੀ 31ਵੀਂ ਬਰਸੀ ਦੇ ਸਮਾਗਮਾਂ ਦਾ ਆਰੰਭ ਮਿਤੀ 27-07-2023 ਤੋਂ ਸਹਿਜ ਪਾਠ ਦੇ ਆਰੰਭ ਨਾਲ ਹੋਇਆ। ਇਹ ਪ੍ਰੋਗਰਾਮ ਮਿਤੀ 05-08-2023 ਤੱਕ ਲਗਾਤਾਰ ਚੱਲਦੇ ਰਹੇ। ਮਿਤੀ 05-08-2023 ਨੂੰ ਸਵੇਰੇ ਸਹਿਜ ਪਾਠ ਦੇ ਭੋਗ ਪਾਏ ਗਏ। ਇਸ ਉਪਰੰਤ ਪਿੰਗਲਵਾੜਾ ਸੰਸਥਾ ਦੇ ਬੱਚਿਆਂ,ਜੁਝਾਰ ਸਿੰਘ ਮਿਸ਼ਨਰੀ ਕਾਲਜ ਚੌਤਾਂ ਕਲਾ(ਰੋਪੜ) ਦੇ ਵਿਦਿਆਰਥੀ, ਭਾਈ ਜਸਬੀਰ ਸਿੰਘ ਪੰਜਾਬ ਐਂਡ ਸਿੰਧ ਬੈਂਕ ਵਾਲੇ , ਭਾਈ ਸਤਵਿੰਦਰ ਸਿੰਘ ਬੋਦਲ ਤੇ ਉਹਨਾਂ ਦੇ ਸਾਥੀ ਜਥੇ ਨੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਕੇ ਪੰਡਾਲ ਵਿੱਚ ਬੈਠੀਆਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਸਿੰਘਾਪੁਰ ਨਿਵਾਸੀ ਅਮਰਦੀਪ ਸਿੰਘ ਅਤੇ ਉਹਨਾਂ ਦੀ ਧਰਮ ਪਤਨੀ ਵਿਨਿੰਦਰ ਕੌਰ ਵੱਲੋਂ ਗੁਰੂ ਨਾਨਕ ਦੇਵ ਜੀ ਉੱਪਰ ਬਣੀਆਂ ਅਨੋਖੀਆਂ ਦਸਤਾਵੇਜ਼ੀ ਫਿਲਮਾਂ ਨੂੰ ਤਿਆਰ ਕਰਕੇ ਸੰਗਤਾਂ ਨੂੰ ਸਮਰਪਿਤ ਕਰਨ ਲਈ ਦਿੱਤੇ ਯੋਗਦਾਨ ਲਈ ਪਿੰਗਲਵਾੜਾ ਸੰਸਥਾ ਵੱਲੋਂ ਭਗਤ ਪੂਰਨ ਸਿੰਘ ਮਾਨਵ ਸੇਵਾ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਰਾਹਾਂ ਤੇ ਆਪਣੇ ਜੀਵਨ ਵਿੱਚ ਚੱਲੇ,ਉਹਨਾਂ ਨੂੰ ਕਈ ਮੁਲਕਾਂ ਵਿੱਚ ਜਾ ਕੇ ਉਹਨਾਂ ਥਾਵਾਂ ਦੀ ਦਸਤਾਵੇਜ਼ੀ ਫਿਲਮ ਬਣਾਈ ਜੋ ਕਿ ਗੁਰੂ ਨਾਨਕ ਸਾਹਿਬ ਜੀ ਦੇ ਦੁਨੀਆਂ ਨੂੰ ਹੋਰ ਨਜ਼ਦੀਕੀ ਨਾਲ ਦਰਸ਼ਨ ਕਰਾਉਂਦੀ ਹੈ। ਇਸ ਮੌਕੇ ਸ. ਅਮਰਦੀਪ ਸਿੰਘ ਜੀ ਦੀ ਬੇਟੀ ਦਾਤੀ ਕੌਰ ਵੱਲੋਂ ਆਪਣੇ ਹੱਥੀ ਬਣਾਈ ਪੇਟਿੰਗ ਡਾ. ਇੰਦਰਜੀਤ ਕੌਰ ਨੂੰ ਤੋਹਫ਼ੇ ਵਜੋਂ ਭੇਂਟ ਕੀਤੀ ਗਈ।

ਇਸ ਮੌਕੇ ਜਸਪ੍ਰੀਤ ਸਿੰਘ ਸਮੁੰਦਰੀ, ਅਮਰਦੀਪ ਸਿੰਘ ਵੱਲੋਂ ਤਿਆਰ ਦਸਤਾਵੇਜ਼ੀ ਵਿੱਚ ਸੰਗੀਤ ਦੀ ਸੇਵਾ ਨਿਭਾਉਣ ਵਾਲੇ ਭਾਈ ਸਤਵਿੰਦਰ ਸਿੰਘ ਬੋਦਲ ਅਤੇ ਮਹਾਂਵੀਰ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਖੇਤੀਬਾੜੀ ਮਾਮਲਿਆਂ ਦੇ ਮਾਹਿਰ ਅਤੇ ਉੱਘੇ ਲੇਖਕ ਦਵਿੰਦਰ ਸ਼ਰਮਾ ਦੇ ਲੇਖਾਂ ਨੂੰ ਇਕੱਤਰ ਕਰਕੇ ਕਿਤਾਬ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਵੱਲੋਂ ਪੁਸਤਕ 'ਗਰਾਊਂਡ ਰੀਏਲਟੀ' ਵੀ ਲੋਕ ਅਰਪਣ ਕੀਤੀ ਗਈ।

ਦਵਿੰਦਰ ਸ਼ਰਮਾ ਜੀ ਨੇ ਕਿਸਾਨਾਂ ਦੇ ਹੱਕ ਵਿੱਚ ਗੱਲ ਕਰਦੇ ਹੋਏ ਕਿਹਾ ਕਿ ਕਿਸਾਨਾਂ ਨੂੰ ਉਹਨਾਂ ਦੀ ਉਪਜ ਦਾ ਸਹੀ ਮੁੱਲ ਮਿਲਣਾ ਚਾਹੀਦਾ ਹੈ। ਇਹ ਬਹੁਤ ਲੰਬੀ ਲੜਾਈ ਹੈ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਗਤ ਪੂਰਨ ਸਿੰਘ ਵਰਗੀ ਸਖਸ਼ੀਅਤ ਨੇ ਲੋਕਾਂ ਦੀ ਪੀੜ੍ਹ ਨੂੰ ਆਪਣੀ ਪੀੜ੍ਹ ਮੰਨਿਆ ਅਤੇ ਮਨੁੱਖਤਾ ਤੇ ਲਾਵਾਰਾਸਾਂ ਦੀ ਸੇਵਾ ਲਈ ਪੂਰਾ ਜੀਵਨ ਅਰਪਣ ਕਰ ਦਿੱਤਾ। ਉਹਨਾਂ ਨੇ ਪਿੰਗਲਵਾੜਾ ਸੰਸਥਾ ਨੂੰ ਆਪਣੇ ਅਖਤਿਆਰੀ ਫੰਡ ਵਿੱਚੋਂ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਇਸ ਪ੍ਰੋਗਰਾਮ ਵਿੱਚ ਸਵਰਗੀ ਸੁੰਦਰ ਲਾਲ ਬਹੁਗੁਣਾ (ਚਿਪਕੋ ਬਾਨੀ ਅੰਦੋਲਨ) ਦੇ ਪਰਿਵਾਰਕ ਮੈਂਬਰ,ਡਾ. ਪਾਠਕ ਅਤੇ ਮਧੂ ਪਾਠਕ, ਸ. ਗੋਬਿੰਦ ਸਿੰਘ ਅਕੋਈ, ਇੰਪੀਰੀਅਲ ਹੋਟਲ ਨਵੀਂ ਦਿੱਲੀ ਵਾਲੇ, ਸ. ਗੋਬਿੰਦ ਸਿੰਘ ਲੋਂਗੋਵਾਲ, ਸਾਬਕਾ ਮੰਤਰੀ ਅਤੇ ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ., ਅਸ਼ੋਕ ਸੇਠੀ, ਸ. ਗੁਰਚਰਨ ਸਿੰਘ ਨੂਰਪੁਰ ਉੱਘੇ ਵਾਤਾਵਰਨ ਚਿੰਤਕ ਅਤੇ ਲੇਖਕ ਆਦਿ ਉਚੇਰੇ ਤੌਰ ਤੇ ਸ਼ਾਮਲ ਹੋਏ। ਸਟੇਜ ਦਾ ਸੰਚਾਲਨ ਸ. ਰਾਜਬੀਰ ਸਿੰਘ ਮੈਂਬਰ ਪਿੰਗਲਵਾੜਾ ਸੁਸਾਇਟੀ ਵੱਲੋਂ ਸੁਚਾਰੂ ਰੂਪ ਨਾਲ ਕੀਤਾ ਗਿਆ। ਇਸ ਮੌਕੇ ਤੇ ਪੰਜਾਬ ਦੇ ਵੱਖ-ਵੱਖ ਜ਼ਿਲਿ?ਹਆਂ ਤੋਂ ਸੰਗਤਾਂ ਉਚੇਚੇ ਤੌਰ ਤੇ ਬੱਸਾਂ ਰਾਹੀਂ ਹੁੰਮ-ਹੁੰਮਾ ਕੇ ਪੁੱਜੀਆਂ । ਇਸ ਤੋਂ ਇਲਾਵਾ ਡਾ.ਜਗਦੀਪਕ ਪ੍ਰਧਾਨ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਸ. ਮੁਖਤਾਰ ਸਿੰਘ ਆਨਰੇਰੀ ਸਕੱਤਰ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਸ. ਰਾਜਬੀਰ ਸਿੰਘ ਮੈਂਬਰ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਸ. ਹਰਜੀਤ ਸਿੰਘ ਅਰੋੜਾ ਮੈਂਬਰ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਬੀਬੀ ਪ੍ਰੀਤਇੰਦਰ ਕੌਰ ਮੈਂਬਰ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਕਰਨਲ ਦਰਸ਼ਨ ਸਿੰਘ ਬਾਵਾ ਪ੍ਰਸ਼ਾਸਕ, ਸ. ਪਰਮਿੰਦਰਜੀਤ ਸਿੰਘ ਭੱਟੀ ਸਹਿ ਪ੍ਰਸ਼ਾਸ਼ਕ , ਸ. ਬਖਸ਼ੀਸ਼ ਸਿੰਘ ਪ੍ਰਸ਼ਾਸਕ ਮਾਨਾਂਵਾਲਾ, ਸ. ਜੈ ਸਿੰਘ ਸਹਿ ਪ੍ਰਸ਼ਾਸਕ ਮਾਨਾਂਵਾਲਾ, ਬੀਬੀ ਸੁਰਿੰਦਰ ਕੌਰ ਭੱਟੀ, ਬੀਬੀ ਹਰਮਿੰਦਰ ਕੌਰ, ਡਾ. ਨਿਰਮਲ ਸਿੰਘ, ਸ੍ਰੀ ਯੋਗੇਸ਼ ਸੂਰੀ, ਸ. ਨਰਿੰਦਰਪਾਲ ਸਿੰਘ ਸੋਹਲ, ਡਾ. ਅਮਰਜੀਤ ਸਿੰਘ ਗਿੱਲ, ਗੁਲਸ਼ਨ ਰੰਜਨ ਸ਼ੋਸਲ ਵਰਕਰ, ਸ੍ਰੀ ਤਿਲਕ ਰਾਜ ਜਨਰਲ ਮੈਨੇਜਰ, ਸ. ਹਰਪਾਲ ਸਿੰਘ ਸੰਧੂ ਕੇਅਰ ਟੇਕਰ, ਹਰਪਾਲ ਸਿੰਘ ਸ਼ੋਸਲ ਵਰਕਰ ਚੰਡੀਗੜ੍ਹ ਡਾ.ਤੇਜਪਾਲ ਸਿੰਘ, ਗੋਲਡੀ ਬਾਬਾ ਬਕਾਲਾ, ਅਮਰਜੀਤ ਸਿੰਘ ਸਚਦੇਵਾ ਸੈਕਟਰੀ, ਪ੍ਰਿੰ. ਨਰੇਸ਼ ਕਾਲੀਆ, ਪ੍ਰਿੰ. ਅਨੀਤਾ ਬੱਤਰਾ, ਸ. ਗੁਰਨਾਇਬ ਸਿੰਘ, ਸ. ਦਿਲਬਾਗ ਸਿੰਘ, ਵੱਖ-ਵੱਖ ਵਾਰਡਾਂ ਦੇ ਇੰਚਾਰਜ, ਸਟਾਫ਼ ਮੈਂਬਰ ਆਦਿ ਹਾਜ਼ਰ ਸਨ।

# ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਅਨੰਦਪੁਰ ਸਾਹਿਬ ਤੇ ਰੂਪਨਗਰ ਵੱਲੋਂ ਸਟੈਂਡਰਡ ਰਾਈਟਿੰਗ ਮੁਕਾਬਲੇ ਦਾ ਆਯੋਜਨ



**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਭਾਰਤੀ ਮਾਨਕ ਬਿਊਰੋ ਪਰਵਾਣੂ ਜ਼ੋਨ ਦੇ ਡਾਇਰੈਕਟਰ ਸ੍ਰੀ ਕੇ. ਵਿਜੇਵੀਰਨ (ਸਾਇੰਟਿਸਟ ਈ) ਅਤੇ ਸਟੈਂਡਰਡ ਪ੍ਰੋਮੋਸ਼ਨ ਅਫਸਰ ਸ੍ਰੀ ਅਤੁੱਲ ਚਤੁਰਵੇਦੀ ਵੱਲੋਂ ਨਿਰਧਾਰਿਤ ਪ੍ਰੋਗਰਾਮ ਅਨੁਸਾਰ ਅਤੇ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ , ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਰੂਪਨਗਰ ਵਿੱਚ ਬੀ. ਆਈ. ਐਸ ਸਟੈਂਡਰਡ ਕਲੱਬ ਸਥਾਪਿਤ ਕੀਤਾ ਗਿਆ । ਇਸ ਸਟੈਂਡਰਡ ਕਲੱਬ ਵੱਲੋਂ , ਪ੍ਰਿੰਸੀਪਲ ਨੀਰਜ ਕੁਮਾਰ ਵਰਮਾ ਦੀ ਅਗਵਾਈ ਹੇਠ 05.08.2023 ਨੂੰ ਸਟੈਂਡਰਡ ਰਾਈਟਿੰਗ ਮੁਕਾਬਲੇ ਅਤੇ ਵਿਦਿਆਰਥੀਆਂ ਦੀ ਓਰੀਐਨਟੇਸ਼ਨ ਸੰਬੰਧੀ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ । ਇਸ ਮੌਕੇ ਤੇ ਪ੍ਰਿੰਸੀਪਲ ਸ੍ਰੀ ਨੀਰਜ ਕੁਮਾਰ ਵਰਮਾ ਨੇ ਬੀ.ਆਈ. ਐਸ. ਵੱਲੋ ਆਮ ਨਾਗਰਿਕਾਂ ਅਤੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਕੀਤੇ ਗਏ ਵਿਲੱਖਣ ਉਪਰਾਲਿਆਂ ਦੀ ਭਰਪੂਰ ਸਰਾਹਨਾ ਕੀਤੀ ਗਈ ।ਸਟੈਂਡਰਡ ਕਲੱਬ ਦੇ ਮੈਨਟੋਰ ਸ਼੍ਰੀਮਤੀ ਪ?ਤਿਭਾ ਨੇ ਦੱਸਿਆ ਕਿ ਇਸ ਸਮੇਂ ਘਰੇਲੂ ਪ੍ਰੈਸ਼ਰ ਕੁੱਕਰ( Domestic Pressure cooker) ਬਣਾਉਣ ਸੰਬੰਧੀ ਸਟੈਂਡਰਡ ਵਿਸ਼ੇ ਤੇ ਲੇਖ ਮੁਕਾਬਲੇ ਕਰਵਾਏ ਗਏ । ਇਸ ਉਪਰੰਤ ਬੀ. ਆਈ. ਐਸ. ਵੱਲੋ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਰਿਸੋਰਸ ਪਰਸਨ ਸ੍ਰੀ ਫ਼ੌਰਨ ਚੰਦ ਵੱਲੋਂ ਵਿਦਿਆਰਥੀਆਂ ਨੂੰ ਮਾਨਕ ਬਿਊਰੋ ਵੱਲੋਂ ਨਿਰਧਾਰਿਤ ਮਾਨਕਾ ਦੀ ਰੋਜ਼ਾਨਾ ਜੀਵਨ ਵਿੱਚ ਮਹੱਤਤਾ ਅਤੇ ਬੀ.ਆਈ.ਐਸ. ਕੇਅਰ ਐਪ, ਆਈ.ਐਸ.ਆਈ ਮਾਰਕ , ਆਰ. ਮਾਰਕ ਅਤੇ ਬਿਊਰੋ ਆਫ ਇੰਡੀਅਨ ਸਟੈਂਡਰਡ ਸੰਬੰਧੀ ਵਿਸਥਾਰ ਪੂਰਵਕ ਜਾਗਰੂਕ ਕੀਤਾ ਗਿਆ । ਇਸ ਮੌਕੇ ਆਯੋਜਿਤ ਕੀਤੇ ਸਟੈਂਡਰਡ ਰਾਈਟਿੰਗ ਮੁਕਾਬਲੇ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ।ਸਾਰੇ ਵਿਦਿਆਰਥੀਆਂ ਨੂੰ ਰਿਫਰੈਸਮੈਂਟ ਵੀ ਦਿੱਤੀ ਗਈ । ਇਸ ਮੌਕੇ ਤੇ ਜਸਵਿੰਦਰ ਕੌਰ (ਸਾਇੰਸ ਮਿਸਟਰੈਸ)ਅਤੇ ਸ੍ਰੀ ਮਤੀ ਪ?ਤਿਭਾ (ਲੈਕਚਰਾਰ ਕੈਮਿਸਟਰੀ) ਹਾਜ਼ਰ ਸਨ ।

# ਮੈਕਸ ਹਸਪਤਾਲ ਬਠਿੰਡਾ ਨੇ 24x7 ਮੁਫਤ ਐਂਬੂਲੈਂਸ ਸਹਾਇਤਾ ਸੇਵਾ ਸ਼ੁਰੂ ਕੀਤੀ




**• ਬਠਿੰਡਾ**

ਮੈਕਸ ਹਸਪਤਾਲ ਬਠਿੰਡਾ ਨੇ ਸ਼ਨੀਵਾਰ ਨੂੰ ਆਪਣੀ ਮੁਫ਼ਤ ਐਂਬੂਲੈਂਸ ਸਹਾਇਤਾ ਸੇਵਾ ਸ਼ੁਰੂ ਕਰਨ ਦਾ ਐਲਾਨ ਕੀਤਾ।ਐਂਬੂਲੈਂਸ ਸੇਵਾ ਅਤਿ-ਆਧੁਨਿਕ ਤਕਨਾਲੋਜੀ ਨਾਲ ਲੈਸ ਹੈ ਅਤੇ ਉੱਚ ਸਿਖਲਾਈ ਪ੍ਰਾਪਤ ਡਾਕਟਰੀ ਪੇਸ਼ੇਵਰਾਂ ਦੀ ਟੀਮ ਦੁਆਰਾ ਚਲਾਈ ਜਾਂਦੀ ਹੈ, ਜੋ ਮੈਡੀਕਲ ਐਮਰਜੈਂਸੀ ਵਿੱਚ ਸਮੇਂ ਸਿਰ ਰਿਸਪਾਂਸ ਯਕੀਨੀ ਬਣਾਉਂਦੀ ਹੈ।ਹਸਪਤਾਲ ਪ੍ਰਬੰਧਨ ਨੇ ਕਿਹਾ, "ਅਸੀਂ ਹਮੇਸ਼ਾ ਉੱਚ ਪੱਧਰੀ ਮੈਡੀਕਲ ਦੇ ਸੇਵਾ ਕਰਨ ਲਈ ਸਮਰਪਿਤ ਰਹੇ ਹਾਂ। 24∅7 ਐਂਬੂਲੈਂਸ ਸਹਾਇਤਾ ਸੇਵਾ ਨੂੰ ਜੋੜਨ ਨਾਲ ਸਾਨੂੰ ਹਸਪਤਾਲ ਤੋਂ ਬਾਹਰ ਸਾਡੀ ਦੇਖਭਾਲ ਦਾ ਵਿਸਥਾਰ ਕਰਨ ਅਤੇ ਫੌਰੀ ਲੋੜ ਵਾਲੇ ਲੋਕਾਂ ਨੂੰ ਸਮੇਂ ਸਿਰ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਦੀ ਇਜਾਜ਼ਤ ਮਿਲੇਗੀ।ਐਂਬੂਲੈਂਸ ਸਹਾਇਤਾ ਸੇਵਾ ਦਾ ਫ਼ੋਨ ਨੰਬਰ 0164-5212039 ਹੈ।

# ਨਾਮ ਸਿਮਰਨ ਅਭਿਆਸ ਅੱਜ

**• ਲੁਧਿਆਣਾ**





ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇ.ਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ 6 ਅਗਸਤ ਦਿਨ ਐਤਵਾਰ ਨੂੰ ਰਾਤ 8:00 ਵਜੇ ਤੋਂ 9:00 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਰਨੈਲ ਸਿੰਘ ਤੇ ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ ਵੱਲੋਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸ.ਫਲ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

# ਹੜ੍ਹਾਂ ਵਰਗੇ ਹਾਲਾਤ ਨਾਲ ਪ੍ਰਭਾਵਿਤ ਖੇਤਰਾਂ ਵਿੱਚ ਲਗਾਏ ਜਾ ਰਹੇ ਹਨ ਮੁਫਤ ਮੈਡੀਕਲ ਕੈਂਪ : ਡਾ. ਦਲਜੀਤ ਕੌਰ



**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਸ ਆਪਣੇ ਵਿਧਾਨ ਸਭਾ ਹਲਕੇ ਵਿੱਚ ਲਗਾਤਾਰ ਸਿਹਤ ਵਿਭਾਗ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰ ਰਹੇ ਹਨ ਤਾਂ ਜੋ ਕਿਸੇ ਵੀ ਨਾਗਰਿਕ ਨੂੰ ਸਿਹਤ ਸੁਵਿਧਾਵਾ ਬਿਨਾ ਦੇਰੀ ਪਹੁੰਚਾਈਆ ਜਾ ਸਕਣ। ਹੜ੍ਹਾਂ ਵਰਗੇ ਹਾਲਾਤ ਨਾਲ ਪ੍ਰਭਾਵਿਤ ਲੋਕਾਂ ਨੂੰ ਸਿਹਤ ਵਿਭਾਗ ਵੱਲੋਂ ਸੁਵਿਧਾਵਾਂ ਮੁਹੱਈਆ ਕਰਵਾਉਣ ਵਿਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਸਿਹਤ ਵਿਭਾਗ ਵੱਲੋਂ ਆਮ ਨਾਗਰਿਕਾਂ ਦੀ ਸਹੂਲਤ ਲਈ ਲਗਾਤਾਰ ਕੈਂਪ ਲਗਾਏ ਜਾ ਰਹੇ ਹਨ ਤਾਂ ਕਿ ਲੋਕਾਂ ਨੂੰ ਲੋੜ ਅਨੁਸਾਰ ਸੁਵਿਧਾਵਾਂ ਪ੍ਰਦਾਨ ਕੀਤੀਆ ਜਾ ਸਕਣ। ਹੜ੍ਹਾਂ ਵਰਗੇ ਹਾਲਾਤ ਨਾਲ ਪ੍ਰਭਾਵਿਤ ਹੋਏ ਪਿੰਡਾਂ ਦੇ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਕੀਰਤਪੁਰ ਸਾਹਿਬ ਡਾ.ਦਲਜੀਤ ਕੌਰ ਦੀ ਅਗਵਾਈ ਹੇਠ ਸਿਹਤ ਵਿਭਾਗ ਵਲੋਂ ਲਗਾਤਾਰ ਮੁਫਤ ਮੈਡੀਕਲ ਕੈਂਪ ਲਗਾਏ ਜਾ ਰਹੇ ਨੇ।ਡਾ.ਜੰਗਜੀਤ ਸਿੰਘ ਮੈਡੀਕਲ ਅਫਸਰ ਨੇ ਦੱਸਿਆ ਕਿ ਇਸੇ ਲੜੀ ਤਹਿਤ ਸਿਵਲ ਸਰਜਨ ਰੂਪਨਗਰ ਅਤੇ ਜ਼ਿਲ੍ਹਾ ਕਨੂੰਨੀ ਸੇਵਾਵਾਂ ਅਥਾਰਟੀ ਰੂਪਨਗਰ ਦੇ ਨਿਰਦੇਸ਼ਾਂ ਤਹਿਤ ਅੱਜ ਕੀਰਤਪੁਰ ਸਾਹਿਬ ਦੇ ਹਾਈ ਰਿਸਕ ਏਰੀਏ ਵਿੱਚ ਮੈਡੀਕਲ ਕੈਂਪ ਲਗਾਏ ਗਏ ਅਤੇ ਮੁਫਤ ਦਵਾਈਆਂ ਦਿੱਤੀਆਂ ਗਈਆਂ। ਉਹਨਾਂ ਕਿਹਾ ਕਿ ਪਿਛਲੇ ਦਿਨੀਂ ਹੋਈ ਲਗਾਤਾਰ ਬਾਰਿਸ਼ ਕਾਰਨ ਪੰਜਾਬ ਸਮੇਤ ਕਈ ਸੂਬਿਆਂ ਵਿੱਚ ਹੜ੍ਹਾਂ ਵਰਗੀ ਸਥਿਤੀ ਬਣੀ ਰਹੀ ਜਿਸ ਕਾਰਨ ਕਈ ਪਿੰਡਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਅਜਿਹੀ ਸਥਿਤੀ ਵਿੱਚ ਸਿਹਤ ਵਿਭਾਗ ਕੀਰਤਪੁਰ ਸਾਹਿਬ ਹਮੇਸ਼ਾ ਹੀ ਲੋਕਾਂ ਦੀ ਤੰਦਰੁਸਤੀ ਲਈ ਤਤਪਰ ਰਿਹਾ ਹੈ ਅਤੇ ਵਿਭਾਗ ਵਲੋਂ ਨਿਰੰਤਰ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਮੈਡੀਕਲ ਕੈਂਪਾਂ ਦਾ ਆਯੋਜਨ ਕਰਕੇ ਲੋਕਾਂ ਨੂੰ ਮੁਫਤ ਦਵਾਈਆਂ ਮੁਹੱਇਆ ਕਰਵਾਈਆਂ ਜਾ ਰਹੀਆਂ ਹਨ। ਡਾ.ਜੰਗਜੀਤ ਸਿੰਘ ਨੇ ਦੱਸਿਆ ਕਿ ਭਗਵਾਲ਼ਾ, ਲੋਹੰਡ ਖੱਡ ਕੀਰਤਪੁਰ ਸਾਹਿਬ, ਕਲਿਆਣਪੁਰ, ਦਾਣਾ ਮੰਡੀ ਕੀਰਤਪੁਰ ਸਾਹਿਬ, ਬੰਗਾਲਾ ਬਸਤੀ ਕੀਰਤਪੁਰ ਸਾਹਿਬ, ਘਰਾਠ ਬਸਤੀ ਕੀਰਤਪੁਰ ਸਾਹਿਬ, ਸ਼ਾਹਪੁਰ ਬੇਲਾ, ਗੱਜਪੁਰ, ਚੰਦਪੁਰ, ਹਰੀਵਾਲ਼, ਹੇਠਲਾ ਦੋਲੋਵਾਲ਼, ਬੁਰਜ,ਲੋਦੀਪੁਰ, ਅਗੰਮਪੁਰ, ਖਮੇੜ੍ਹਾ, ਦਸਗਰਾਈਂ, ਮੇਘਪੁਰ, ਮਣਕਪੁਰ ਮਾਈਗ੍ਰੇਟਰੀ, ਮਣਕਪੁਰ ਘਰਾਠ, ਬੇਲਾ ਧਿਆਨੀ, ਭਨਾਮ, ਪਲ਼ਾਸੀ ਘਰਾਠ, ਮਜਾਰੀ, ਭੱਲੜੀ, ਨਾਨਗਰਾਂ, ਭਲਾਣ, ਬੇਲਾ ਹਰਸਾ ਆਦਿ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਲਗਾਤਾਰ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਅਤੇ ਲੋੜਵੰਦਾਂ ਨੂੰ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਉਹਨਾਂ ਦੱਸਿਆ ਕਿ ਇਹਨਾਂ ਪਿੰਡਾਂ ਵਿੱਚ 2-2 ਵਾਰ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਅਤੇ ਏਰੀਏ ਦੇ ਮਲਟੀਪਰਪਜ਼ ਹੈਲਥ ਵਰਕਰਾਂ ਵਲੋਂ ਲੋਕਾਂ ਨਾਲ਼ ਲਗਾਤਾਰ ਰਾਬਤਾ ਰੱਖਿਆ ਜਾ ਰਿਹਾ ਹੈ ਤਾਂ ਜੋ ਕਿਸੀ ਵੀ ਵਿਅਕਤੀ ਨੂੰ ਸਿਹਤ ਪ੍ਰਤੀ ਕੋਈ ਵੀ ਸਮੱਸਿਆ ਪੇਸ਼ ਨਾ ਆਵੇ। ਅੱਜ ਸਿਹਤ ਵਿਭਾਗ ਦੀ ਟੀਮ ਦੀ ਅਗਵਾਈ ਬਲਾਕ ਮੈਡੀਕਲ ਅਫਸਰ ਡਾ.ਜੰਗਜੀਤ ਸਿੰਘ ਵਲੋਂ ਕੀਤੀ ਗਈ ਅਤੇ ਉਹਨਾਂ ਦੇ ਨਾਲ਼ ਡਾ.ਅੰਬਿਕਾ, ਆਯੂਰਵੈਦਿਕ ਮੈਡੀਕਲ ਅਫਸਰ, ਕੁਲਵਿੰਦਰ ਸਿੰਘ ਅਤੇ ਜਸਵੰਤ ਸਿੰਘ ਮਲਟੀਪਰਪਜ਼ ਹੈਲਥ ਵਰਕਰ, ਸੁਨੀਤਾ ਸਟਾਫ ਨਰਸ, ਅਤੇ ਹਰਜੀਤ ਕੌਰ ਏ. ਐਨ. ਐਮ ਹਾਜ਼ਰ ਸਨ।



ਭਾਈ ਕਨ੍ਹਈਆ ਜੀ ਬਿਰਧ ਆਸ਼ਰਮ , ਨਿੱਝਰ ਕੋਲਡ ਸਟੋਰ ਅੰਮ੍ਰਿਤਸਰ ਵਿਖੇ ਗੁਰੂ ਦਰਬਾਰ ਅਤੇ ਬਿਰਧ ਆਸ਼ਰਮ ਦੀ ਕਾਰ- ਸੇਵਾ ਚੱਲ ਰਹੀ ਹੈ। ਮਹੰਤ ਸੁਰਿੰਦਰ ਸਿੰਘ ਸੇਵਾਪੰਥੀ ਵੱਲੋਂ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਉਹ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਰੇਤ, ਬੱਜਰੀ, ਇੱਟਾਂ ,ਸਰੀਆ, ਸੀਮਿੰਟ ਅਤੇ ਨਕਦ ਮਾਇਆ ਦੀ ਸੇਵਾ ਕਰਕੇ ਆਪਣਾ ਜਨਮ ਸਫਲਾ ਕਰੋ ਜੀ
ਫੋਟੋ ਤੇ ਵੇਰਵਾ : ਲੁਧਿਆਣਾ

# ਸਾਥ ਨਿਭਾਉਣ ਵਾਲੇ ਨਿਭਾ ਜਾਂਦੇ



ਉਹ ਪੁੱਛਦੇ ਨਹੀਂ ਔਕਾਤਾਂ ਨੂੰ ,
ਯਾਰੀ - ਦੋਸਤੀ ਵਿਹਾਰ ਕਰਕੇ ਹੁੰਦੀ ,
ਨਹੀਂ ਹੁੰਦੀ ਦੇਖ ਕੇ ਜਾਤਾਂ ਨੂੰ ...
(2) ਦੂਰ ਰਹਿ ਕੇ ਕਦੇ ਪਿਆਰ ਨਹੀਂ ਘਟਦਾ
ਹਮੇਸ਼ਾ ਯਾਦਾਂ ਸਾਥ ਹੁੰਦੀਆਂ ਨੇ ,
ਰੂਹਾਂ ਹਮੇਸ਼ਾ ਸਾਥ ਹੀ ਰਹਿੰਦੀਆਂ
ਭਾਵੇਂ ਪਰਬਤਾਂ ਤੋਂ ਨਦੀਆਂ ਵੱਖ ਹੁੰਦੀਆਂ ਨੇ...
(3) ਜਿਹਨਾਂ 'ਤੇ ਬਹੁਤ ਮਾਣ ਸੀ ਸਾਨੂੰ
ਉਹ ਦਗਾ ਕਮਾ ਗਏ ,
ਵੱਡੇ - ਵੱਡੇ ਉਫ਼ਾਨ ਮਾਰਦੇ ਦਰਿਆ ,
ਦੇਖੋ ਸਮੁੰਦਰ 'ਚ ਸਮਾਅ ਗਏ..
(4) ਸਮੁੰਦਰਾਂ ਤੋਂ ਗਹਿਰਾ ਜਿਗਰਾ ਰੱਖ ਸੱਜਣਾ ,
ਤੂਫ਼ਾਨਾਂ 'ਚੋਂ ਲੰਘਣਾ ਅਸੀਂ ਪਹਿਲਾਂ ਈ ਸਿੱਖ ਚੁੱਕੇ ਆਂ...
(5) ਕਦੇ ਯਾਦਾਂ ਵੀ ਸਾਥ ਛੱਡ ਜਾਂਦੀਆਂ ਨੇ ,
ਕਦੇ ਕਲਪਨਾ ਵਿੱਚ ਰਹਿੰਦਾ ਮਨ ,
ਕਦੇ ਸੋਚਾਂ ਵਿੱਚ ਡੁੱਬਿਆ ਰਹਿੰਦਾ ਮੈਂ ,
ਇਹ ਵੀ ਹੈ ਤਾਂ ਰੱਬ ਦਾ ਭਾਣਾ ਹੀ...
(6) ਕੋਈ ਸਮਝ ਨਾ ਸਕਿਆ ਪ੍ਰਮੇਸ਼ਰ ਦੇ ਇਸ ਤਾਣੇ - ਬਾਣੇ ਨੂੰ ,
ਕੋਈ ਸਮਝ ਨਾ ਸਕਿਆ ਉਸਦੇ ਇਲਾਹੀ ਭਾਣੇ ਨੂੰ ,
ਉਸਦੀ ਰਜ਼ਾ 'ਚ ਰਹਿ ਕੇ ਬੰਦਿਆ ਉਸਨੂੰ ਜਪ ਲੈ ,
ਹੋਰ ਕੁਝ ਵੀ ਕੰਮ ਨਹੀਂ ਆਉਣਾ ,
ਕੀ ਕਰਨਾ ਦੁਨਿਆਵੀ ਭਰਮਾਣੇ ਨੂੰ ...
(7) ਦੂਰੋਂ - ਦੂਰੋਂ ਨਮਸਤੇ ਬੁਲਾ ਕੇ ,
ਕਦੇ ਥੋੜ੍ਹਾ ਜਿਹਾ ਸ਼ਰਮਾ ਕੇ ,
ਭੋਜਨ ਤੋਂ ਬਾਅਦ ਗੁੜ ਖਾ ਕੇ ,
ਚੰਗਾ ਜਿਹਾ ਲੱਗਦਾ...

ਮਾਸਟਰ ਸੰਜੀਵ ਧਰਮਾਣੀ
( ਸਟੇਟ ਐਵਾਰਡੀ )
ਸ਼੍ਰੀ ਅਨੰਦਪੁਰ ਸਾਹਿਬ
9478561356

# ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸਰਵਹਿਤਕਾਰੀ ਸਕੂਲ ਵਿੱਚ ਸਨਾਤਨ ਧਰਮ ਪ੍ਰਸ਼ਨੋਤਰੀ ਕਰਵਾਈ ਗਈ





**• ਜੈਤੋ**

ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸਰਵਹਿੱਤਕਾਰੀ ਵਿਦਿਆ ਮੰਦਰ ਵਿੱਚ ਸਨਾਤਨ ਧਰਮ ਨਾਲ ਸਬੰਧਤ ਪ੍ਰਸ਼ਨੋਤਰੀ ਕਰਵਾਈ ਗਈ। ਜੋ ਕਿ ਸਾਡੀ ਨਿੱਜੀ ਜ਼ਿੰਦਗੀ ਵਿੱਚ ਚਰਚਾ ਦਾ ਵਿਸ਼ਾ ਰਹਿੰਦੇ ਹਨ। ਉਪਰੋਕਤ ਵਿਸ਼ੇ 'ਤੇ ਜਾਣਕਾਰੀ ਦਿੰਦਿਆਂ ਪ੍ਰੀਸ਼ਦ ਦੇ ਪ੍ਰਚਾਰ ਸਕੱਤਰ ਸੁਰਿੰਦਰ ਗਰਗ ਰਿਟਾਇਰਡ ਆਰ ਏ ਨੇ ਕਿਹਾ ਕੀ ਅਜਿਹੇ ਸਵਾਲ ਰੋਜ਼ਾਨਾ ਟੀਵੀ ਪ੍ਰੋਗਰਾਮਾਂ ਵਿੱਚ ਅਤੇ ਹਰ ਸਾਲ ਲਗਭਗ ਸਾਰੇ ਸ਼ਹਿਰਾਂ ਵਿੱਚ ਹੋਣ ਵਾਲੀ ਸ਼੍ਰੀ ਰਾਮਲੀਲਾ ਵਿਚ ਚਰਚਾ ਵਿੱਚ ਆਉਂਦੇ ਹਨ। ਜਦੋਂ ਬੱਚਿਆਂ ਨੂੰ ਅਜਿਹੇ ਸਵਾਲਾਂ ਦੇ ਜਵਾਬ ਵੀ ਨਹੀਂ ਪਤਾ ਹੁੰਦੇ ਤਾਂ ਅਸੀਂ ਸਿਰਫ ਇੰਨਾ ਹੀ ਕਹਿ ਸਕਦੇ ਹਾਂ ਕਿ ਬੱਚੇ ਸਨਾਤਨ ਧਰਮ ਦੀਆਂ ਗੱਲਾਂ ਵੱਲ ਪੂਰਾ ਧਿਆਨ ਨਹੀਂ ਦਿੰਦੇ। ਉਪਰੋਕਤ ਵਿਸ਼ੇ ਸਬੰਧੀ ਬਚਿਆਂ ਨੂੰ ਜਾਗਰੂਕ ਕਰਨ ਲਈ ਹੀ ਪ੍ਰੀਸ਼ਦ ਵੱਲੋਂ ਇਹ ਉਪਰਾਲਾ ਕੀਤਾ ਗਿਆ। ਇਸ ਮੌਕੇ ਸਹੀ ਜਵਾਬ ਦੇਣ ਵਾਲੇ ਬੱਚਿਆਂ ਅਤੇ ਜਵਾਬ ਦੇਣ ਦੀ ਕੋਸ਼ਿਸ਼ ਕਰਨ ਵਾਲੇ ਬੱਚਿਆਂ ਨੂੰ ਵੀ ਪ੍ਰੀਸ਼ਦ ਵੱਲੋਂ ਸਨਮਾਨਿਤ ਕੀਤਾ ਗਿਆ। ਸਕੂਲ ਦੀ ਪ੍ਰਿੰਸੀਪਲ ਆਰਤੀ ਦੀਦੀ ਨੂੰ ਉਨ੍ਹਾ ਦੇ ਯੋਗਦਾਨ ਲਈ ਪ੍ਰੀਸ਼ਦ ਵੱਲੋਂ 'ਜੈਤੋ ਦਾ ਮੋਰਚਾ' ਸਬੰਧੀ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਵਹਿੱਤਕਾਰੀ ਵਿਦਿਆ ਮੰਦਰ ਦੇ ਪ੍ਰਧਾਨ ਡਗਰ ਕਾਂਤ ਸ਼ਰਮਾ, ਪ੍ਰੀਸ਼ਦ ਪ੍ਰਧਾਨ ਰਾਜੀਵ ਗੋਇਲ ਬਿੱਟੂ ਬਾਦਲ, ਸਕੱਤਰ ਪ੍ਰਹਿਲਾਦ ਰਾਏ ਅਗਰਵਾਲ, ਖਜ਼ਾਨਚੀ ਵਿਜੇ ਬਿਸ਼ਨੰਦੀ ਵਾਲੇ, ਸੋਸਵਾ ਇੰਚਾਰਜ ਮੇਜਰ ਸਿੰਘ, ਆਲ ਪ੍ਰੋਜੈਕਟ ਚੇਅਰਮੈਨ ਮੋਹਨ ਜਿੰਦਲ ਆਦਿ ਹਾਜ਼ਰ ਹੋਏ। ਮੰਚ ਸੰਚਾਲਨ ਅਤੇ ਕਵਿਜ਼ ਨੂੰ ਸੁਚਾਰੂ ਢੰਗ ਨਾਲ ਕਰਨ ਲਈ ਪ੍ਰੀਸ਼ਦ ਮੈਂਬਰ ਰਾਮਾਵਤਾਰ ਵਰਮਾ ਨੇ ਬੜੇ ਉਤਸ਼ਾਹ ਨਾਲ ਕੰਮ ਕੀਤਾ।

# ਸੁਪਰੀਮ ਕੋਰਟ ਤੋਂ ਰਾਹੁਲ ਗਾਂਧੀ ਨੂੰ ਰਾਹਤ ਮਿਲਣ 'ਤੇ ਕਾਂਗਰਸੀਆਂ ਨੇ ਵੰਡੇ ਲੱਡੂ

**• ਸ੍ਰੀ ਅਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ**



ਮਾਨਯੋਗ ਸੁਪਰੀਮ ਕੋਰਟ ਤੋਂ ਰਾਹੁਲ ਗਾਂਧੀ ਦੀ ਮੈਂਬਰਸ਼ਿਪ ਦੀ ਬਹਾਲੀ ਅਤੇ ਸਜਾ ਤੇ ਰੋਕ ਲਾਉਣ ਦੀ ਖ਼ੁਸ਼ੀ ਵਿਚ ਕਾਂਗਰਸੀਆਂ ਵਲੋਂ ਲੱਡੂ ਵੰਡੇ ਗਏ। ਇਸ ਸਬੰਧੀ ਅੱਜ ਕਾਂਗਰਸ ਦੇ ਬਲਾਕ ਪ੍ਰਧਾਨ ਪ੍ਰੇਮ ਸਿੰਘ ਬਾਸੋਵਾਲ ਦੀ ਅਗਵਾਈ ਵਿਚ ਵਿਸੇਸ਼ ਮੀਟਿੰਗ ਹੋਈ ਜਿਸ ਵਿਚ ਅਦਾਲਤ ਦੇ ਫੈਸਲੇ ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਪ੍ਰੇਮ ਸਿੰਘ ਬਾਸੋਵਾਲ ਨੇ ਕਿਹਾ ਕਿ ਸਾਬਕਾ ਸਪੀਕਰ ਰਾਣਾ ਕੇਪੀ ਸਿੰਘ ਦੀ ਅਗਵਾਈ ਵਿਚ ਹਲਕੇ ਦੇ ਕਾਂਗਰਸੀਆਂ ਨੇ ਇਸ ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਹੈ ਤੇ ਲੱਡੂ ਵੰਡ ਕੇ ਖ਼ੁਸ਼ੀ ਮਨਾਈ। ਇਸ ਮੌਕੇ ਸਾਬਕਾ ਚੇਅਰਮੈਨ ਹਰਬੰਸ ਮਹਿੰਦਲੀ, ਸਾਬਕਾ ਚੇਅਰਮੈਨ ਰਮੇਸ਼ ਚੰਦ ਦਸਗਰਾਈਂ, ਪ੍ਰੇਮ ਸਿੰਘ ਸਿੱਧੂ, ਕਮਲ ਜੋਸ਼ੀ ਸਾਬਕਾ ਡਾਇਰੈਕਟਰ, ਹਕੀਮ ਹਰਮਿੰਦਰਪਾਲ ਮਿਨਹਾਸ, ਸਵਰਨ ਸਿੰਘ ਲੋਦੀਪੁਰ, ਮੋਹਨ ਸਿੰਘ ਭਸੀਨ, ਚੌਧਰੀ ਪਹੂ ਲਾਲ, ਗੁਰਿੰਦਰ ਸਿੰਘ ਵਾਲੀਆ ਕੌਂਸਲਰ, ਕਮਲਜੀਤ ਸਿੰਘ ਕੌਂਸਲਰ, ਸੂਰਤ ਸਿੰਘ, ਪ੍ਰਕਾਸ਼ ਸਿੰਘ ਅਗੰਮਪੁਰ, ਪਾਲ ਸਿੰਘ, ਸੁਖਦੇਵ ਸਿੰਘ ਮਹਿਰੋਲੀ, ਬਲਬੀਰ ਸਿੰਘ ਬੱਢਲ, ਗੁਰਬਚਨ ਧਨੇੜਾ, ਜਸਵੰਤ ਸਿੰਘ, ਪ੍ਰਵੇਸ਼ ਮਹਿਤਾ, ਸੁਮਿਤ ਮਹਿਤਾ, ਰਮਨਦੀਪ ਸਿੰਘ, ਚੰਦਨ ਸ਼ਰਮਾ, ਮੁਕੇਸ਼ ਕੁਮਾਰ, ਅਰੁਨਦੀਪ ਸੋਨੂੰ, ਮਹੇਸ਼ ਕਾਂਤ ਆਦਿ ਹਾਜ਼ਰ ਸਨ।

# ਡੀ.ਬੀ.ਈ.ਈ. ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਭਲਕੇ

**• ਲੁਧਿਆਣਾ/(ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ)**

ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਪ੍ਰਤਾਪ ਚੌਂਕ, ਸਾਹਮਣੇ ਸੰਗੀਤ ਸਿਨੇਮਾ ਲੁਧਿਆਣਾ ਵਿਖੇ ਭਲਕੇ 04 ਅਗਸਤ (ਸ਼ੁੱਕਰਵਾਰ) ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸਦਾ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗਾ। ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਸੀ.ਈ.ਓ. ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਲੁਧਿਆਣਾ ਸ਼?ਰੀ ਸੰਦੀਪ ਕੁਮਾਰ (ਆਈ.ਏ.ਐਸ.) ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਲਗਾਤਾਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਹਰ ਸ਼ੁਕਰਵਾਰ ਨੂੰ ਪਲੇਸਮੈਂਟ ਕੈਂਪ ਆਯੋਜਿਤ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਭਲਕੇ ਲੱਗਣ ਵਾਲੇ ਕੈਂਪ ਵਿੱਚ ਵੱਖ-ਵੱਖ ਨਾਮੀ ਕੰਪਨੀਆਂ ਭਾਗ ਲੈ ਰਹੀਆਂ ਹਨ ਜਿਨ੍ਹਾਂ ਵਿੱਚ ਕੋਸਮੋ ਹਸਪਤਾਲ, ਵਾਸਟ ਲਿੰਕਰਜ/ਐਕਸਿਸ ਬੈਂਕ, ਸੱਤਿਆ ਮਾਈਕਰੋ ਕੈਪੀਟਲ ਲਿਮਟਿਡ, ਏਅਰਟੈਲ/ਕੁਐਸ ਕਾਰਪ, ਏਸ਼ੀਅਨ ਕਰੇਨ, ਸਿਕਿਉਰਡ ਇੰਜੀਨੀਅਰ ਪ੍ਰਾ: ਲਿ: ਆਦਿ ਸ਼ਾਮਲ ਹਨ। ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ ਦੋਨੋ ਭਾਗ ਲੈ ਸਕਦੇ ਹਨ ਜਿਨ੍ਹਾਂ ਦੀ ਉਮਰ 18 ਤੋਂ 35 ਸਾਲ ਹੋਵੇ ਅਤੇ ਘੱਟ ਤੋਂ ਘੱਟ ਯੋਗਤਾ 12ਵੀ, ਆਈ.ਟੀ.ਆਈ., ਗ੍ਰੈਜੂਏਸ਼ਨ (ਇਸਦੇ ਬਰਾਬਰ ਹੋਰ), ਪੋਸਟ ਗ੍ਰੈਜੂਏਸ਼ਨ (ਇਸਦੇ ਬਰਾਬਰ ਹੋਰ) ਪਾਸ ਕੀਤਾ ਹੋਵੇ, ਭਾਗ ਲੈ ਸਕਦੇ ਹਨ। ਡੀ.ਬੀ.ਈ.ਈ. ਲੁਧਿਆਣਾ ਦੇ ਡਿਪਟੀ ਡਾਇਰੈਕਟਰ ਸ਼?ਰੀਮਤੀ ਮਿਨਾਕਸ਼ੀ ਸ਼ਰਮਾ ਵੱਲੋਂ ਉਮੀਦਵਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ ਅਤੇ ਉਨ੍ਹਾਂ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਇਸ ਕੈਂਪ ਵਿੱਚ ਭਾਗ ਲੈਣ ਵਾਲੇ ਪ੍ਰਾਰਥੀਆਂ ਦੀ ਰਜਿਸਟ?ਰੇਸ਼ਨ ਹੋਣਾ ਜ਼ਰੂਰੀ ਹੈ, ਜਿਨ੍ਹਾਂ ਪ੍ਰਾਰਥੀਆਂ ਦੀ ਰਜਿਸਟ?ਰੇਸ਼ਨ ਨਹੀਂ ਹੋਈ ਹੈ, ਉਹ ਪ੍ਰਾਰਥੀ ਆਪਣੇ ਸਾਰੇ ਅਸਲ ਸਰਟੀਫਿਕੇਟ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਅਤੇ ਇਹਨਾਂ ਦੀਆਂ ਫੋਟੋ ਕਾਪੀਆਂ ਨਾਲ ਲਿਆਉਣ ਤਾਂ ਜੋ ਪ੍ਰਾਰਥੀਆਂ ਦੀ ਮੌਕੇ ਤੇ ਹੀ ਰਜਿਸਟ?ਰੇਸ਼ਨ ਕੀਤੀ ਜਾ ਸਕੇ।ਪ੍ਰਾਰਥੀ ਆਪਣਾ ਬਾਇਓ ਡਾਟਾ ਵੀ ਨਾਲ ਲੈ ਕੇ ਇਸ ਕੈਂਪ ਵਿੱਚ ਸ਼ਮੂਲਿਅਤ ਕਰਣ। ਡੀ.ਬੀ.ਈ.ਈ. ਦੇ ਰੋਜ਼ਗਾਰ ਜਨਰੇਸ਼ਨ ਅਤੇ ਟ?ਰੇਨਿੰਗ ਅਫਸਰ ਮਿਸ ਸੁਖਮਨ ਮਾਨ ਨੇ ਦੱਸਿਆ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਪ੍ਰਾਰਥੀ ਇਸ ਦਫਤਰ ਦੇ ਹੈਲਪਲਾਈਨ ਨੰ: 77400-01682 'ਤੇ ਵੀ ਸੰਪਰਕ ਕਰ ਸਕਦਾ ਹੈ।



# ਪੰਜਾਬ ਰਾਜ ਪ੍ਰਾਇਮਰੀ ਸਕੂਲ ਖੇਡਾਂ ਤੇ ਇੱਕ ਝਾਤ





**ਪਿਛਲੇ** ਸਮੇਂ ਕਰੋਨਾਂ ਦੀ ਵਿਸ਼ਵ ਵਿਆਪੀ ਲਹਿਰ ਨੇ ਪੂਰੇ ਸੰਸਾਰ ਨੂੰ ਇੱਕ ਗੱਲ ਜ਼ਰੂਰ ਸਿਖਾ ਦਿੱਤੀ ਹੈ ਕਿ ਇੱਕ ਮਨੁੱਖ ਦਾ ਸਿਹਤਮੰਦ ਹੋਣਾ ਅਤਿ ਜ਼ਰੂਰੀ ਹੈ। ਇੱਕ ਇਨਸਾਨ ਨੇ ਜੇਕਰ ਇੱਕ ਲੰਬੀ ਤੇ ਖੁਸ਼ਹਾਲ ਜ਼ਿੰਦਗੀ ਜਿਉਣੀ ਹੈ, ਤਾਂ ਫਿਰ ਉਸ ਨੂੰ ਆਪਣੇ ਆਪ ਨੂੰ ਫਿੱਟ ਰੱਖਣਾ ਹੀ ਪਵੇਗਾ। ਅੱਜਕੱਲ੍ਹ ਸੂਬੇ ਦੀਆਂ ਸਰਕਾਰਾਂ ਵੀ ਇਸ ਪ੍ਰਤੀ ਚਿੰਤਤ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਜੇਕਰ ਸਿਹਤ ਚੰਗੀ ਹੈ, ਤਾਂ ਹੀ ਸਭ ਕੁੱਝ ਚੰਗਾ ਹੈ। ਇਸੇ ਨੂੰ ਮੱਦੇਨਜ਼ਰ ਰੱਖਦਿਆਂ ਅਜੋਕੇ ਸਮੇਂ ਦੌਰਾਨ ਪੜ੍ਹਾਈ ਤੋਂ ਇਲਾਵਾ ਖੇਡ ਗਤੀਵਿਧੀਆਂ ਵਿੱਚ ਜਿੱਥੇ ਸਰਕਾਰ ਦੁਆਰਾ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ, ਉੱਥੇ ਨੌਜਵਾਨਾਂ ਖਾਸ ਕਰਕੇ ਸਕੂਲੀ ਬੱਚਿਆਂ ਵਿੱਚ ਇਸ ਦਾ ਅਥਾਹ ਜੋਸ਼ ਪੈਦਾ ਹੋ ਰਿਹਾ ਹੈ। ਜੇਕਰ ਪੰਜਾਬ ਰਾਜ ਪ੍ਰਾਇਮਰੀ ਸਕੂਲ ਖੇਡਾਂ ਦੀ ਗੱਲ ਕਰੀਏ, ਤਾਂ ਇਹ ਖੇਡਾਂ ਅਗਸਤ ਮਹੀਨੇ ਦੇ ਆਖੀਰ ਜਾਂ ਸਤੰਬਰ ਮਹੀਨੇ ਵਿੱਚ ਸ਼ੁਰੂ ਹੋ ਜਾਂਦੀਆਂ ਹਨ। ਸਕੂਲੀ ਪੱਧਰ ਤੋਂ ਲੈ ਕੇ ਸੈਂਟਰ ਪੱਧਰ, ਜ਼ਿਲ੍ਹਾ ਪੱਧਰ ਤੱਕ ਜਾਣ ਤੋਂ ਬਾਅਦ ਸਟੇਟ ਪੱਧਰ ਤੱਕ ਜਾਣ ਲਈ ਬੱਚੇ ਤੇ ਅਧਿਆਪਕ ਆਪਣੀ ਅਹਿਮ ਭੂਮਿਕਾ ਅਦਾ ਕਰਦੇ ਹਨ। ਨੰਨ੍ਹੇ ਮੁੰਨੇ ਬੱਚਿਆਂ ਦੀ ਇਹ ਖੇਡਾਂ ਅਤਿ ਆਨੰਦਮਈ ਹੁੰਦੀਆਂ ਹਨ। ਬੱਚੇ ਆਪਣੀ ਉਹ ਪ੍ਰਤਿਭਾ ਵਿਖਾਉਂਦੇ ਹਨ, ਜਿਸ ਨੂੰ ਵੇਖ ਕੇ ਮਨ ਬਹੁਤ ਖੁਸ਼ ਹੁੰਦਾ ਹੈ, ਕਈ ਵਾਰ ਵੇਖਣ ਵਾਲੇ ਦਰਸ਼ਕ ਖਾਸ ਕਰਕੇ ਉਸ ਸਕੂਲ ਦੇ ਅਧਿਆਪਕ ਬੱਚੇ ਨੂੰ ਇੰਝ ਗਲਵੱਕੜੀ 'ਚ ਲੈ ਲੈਂਦੇ ਹਨ ਜਿਵੇਂ ਸੱਚਮੁੱਚ ਹੀ ਉਹੀ ਉਸ ਦੇ ਮਾਪੇ ਹੋਣ। ਉਹ ਬੱਚੇ ਜੋ ਕਦੇ ਆਪਣੇ ਬਲਾਕ ਜਾਂ ਜ਼ਿਲ੍ਹੇ ਦੀ ਹੱਦ ਨਹੀਂ ਟੱਪੇ ਹੁੰਦੇ ਇਹ ਖੇਡ ਟੂਰਨਾਮੈਂਟ ਉਨ੍ਹਾਂ ਨੂੰ ਪੰਜਾਬ ਵੀ ਟਪਾ ਦਿੰਦੇ ਹਨ। ਖੇਡ ਟੂਰਨਾਮੈਂਟ ਵਿੱਚ ਬੱਚੇ ਜਦੋਂ ਅਲੱਗ ਅਲੱਗ ਖਿਡਾਰੀਆਂ ਨਾਲ ਮਿਲ ਕੇ ਇੱਕ ਟੀਮ ਬਣਾ ਕੇ ਪ੍ਰਦਰਸ਼ਨ ਕਰਦੇ ਹਨ, ਤਾਂ ਆਖੀਰ ਵਿੱਚ ਟੂਰਨਾਮੈਂਟ ਦੇ ਖਤਮ ਹੋਣ ਤੋਂ ਬਾਅਦ ਜਦੋਂ ਉਹ ਇੱਕ ਦੂਸਰੇ ਤੋਂ ਵਿਛੜਦੇ ਹਨ, ਤਾਂ ਉਨ੍ਹਾਂ ਦੇ ਮਨ ਭਾਵੁਕ ਹੋ ਜਾਂਦੇ ਹਨ। ਉਨ੍ਹਾਂ ਦੀ ਦੋਸਤੀ ਏਨੀ ਪੱਕੀ ਹੋ ਜਾਂਦੀ ਹੈ, ਮਾਨੋ ਉਹ ਬਚਪਨ ਦੇ ਯਾਰ ਹੋਣ। ਮਿਲਵਰਤਨ, ਸਹਿਯੋਗ, ਇਮਾਨਦਾਰੀ ਆਦਿ ਦੇ ਗੁਣ ਜਿੱਥੇ ਜ਼ਿੰਦਗੀ ਭਰ ਲਈ ਅੰਗ ਸੰਗ ਹੋ ਜਾਂਦੇ ਹਨ, ਉੱਥੇ ਉਹ ਨਸ਼ਿਆਂ ਜਾਂ ਬੁਰਾਈਆਂ ਤੋਂ ਵੀ ਬਹੁਤ ਦੂਰ ਚਲੇ ਜਾਂਦੇ ਹਨ।

ਇਸ ਸਾਰੇ ਸੰਦਰਭ ਵਿੱਚ ਜੇਕਰ ਸੋਚਿਆ ਜਾਵੇ, ਤਾਂ ਪੜ੍ਹਾਈ ਦੇ ਨਾਲ ਨਾਲ ਖੇਡਾਂ ਦੌਰਾਨ ਬੱਚਿਆਂ ਦੀਆਂ ਛੁਪੀਆਂ ਅੰਦਰਲੀਆਂ ਕਲਾਂ ਕ੍ਰਿਤਾਂ ਜਦੋਂ ਬਾਹਰ ਆਉਂਦੀਆਂ ਹਨ, ਤਾਂ ਉਹ ਫਿਰ ਕਿਸੇ ਅਹਿਮ ਮੁਕਾਮ ਤੱਕ ਪਹੁੰਚ ਕੇ ਹੀ ਰਹਿੰਦੀਆਂ ਹਨ।

**- ਰਾਜੇਸ਼ ਕੁਮਾਰ,**
**ਈਟੀਟੀ ਸਪਸ ਦੋਦੜਾ**

# ਡਿਪਸ ਸਕੂਲ ਵਿੱਚ ਵਿਦਿਆਰਥਣਾਂ ਨੇ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ

**• ਜਲੰਧਰ**

ਵਿਦਿਆਰਥੀਆਂ ਨੂੰ ਪੰਜਾਬੀ ਵਿਰਸੇ ਤੋਂ ਜਾਣੂ ਕਰਵਾਉਣ ਲਈ ਡਿਪਸ ਸਕੂਲ ਵਿੱਚ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਪੰਜਾਬੀ ਪਹਿਰਾਵੇ 'ਚ ਸਜੇ ਮੁਟਿਆਰਾਂ ਨੇ ਗਿੱਧਾ ਪੇਸ਼ ਕੀਤਾ ਅਤੇ ਹੱਥਾਂ 'ਤੇ ਮਹਿੰਦੀ ਲਗਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ

ਬੱਚਿਆਂ ਨੂੰ ਪੰਜਾਬੀ ਬਿਰਸੇ ਤੋਂ ਜਾਣੂ ਕਰਵਾਉਣ ਲਈ ਅਧਿਆਪਕਾਂ ਵੱਲੋਂ ਸਕੂਲ ਨੂੰ ਪੰਜਾਬੀ ਦੇ ਫੁਲਕਾਰੀ, ਚਰਖਾ, ਮਟਕਾ, ਮਦਨੀ ਆਦਿਨਾਲਸਜਾਇਆਗਿਆਅਤੇਬੱਚਿਆਂਨੂੰਇਨ੍ਹਾਂਬਾਰੇਜਾਣੂਕਰਵਾਇਆਗਿਆ।ਫੁੱਲਾਂਨਾਲਪਿੰਗ ਨੂੰ ਸਜਾਇਆ।ਅਧਿਆਪਕਾਂ ਦੇ ਨਾਲ-ਨਾਲ ਬੱਚਿਆਂ ਨੇ ਵੀ ਬੋਲੀਆਂ ਪਾਈਆਂ ਅਤੇ ਝੂਲਿਆਂ ਦਾ ਆਨੰਦ ਮਾਣਿਆ। ਬੱਚਿਆਂ ਨੇ ਆਯਾ ਸਾਵਨ ਝੂਮਕੇ, ਸਾਵਨ ਕੇ ਝੂਲ ਪੜੇ, ਕੁਛ ਕਹਤਾ ਹੈ ਸਾਵਨ ਆਦਿ ਗੀਤ ਗਾ ਕੇ ਮਾਹੌਲ ਨੂੰ ਖੁਸ਼ਨੁਮਾ ਬਣਾ ਦਿੱਤਾ।

ਅਧਿਆਪਕਾਂ ਨੇ ਬੱਚਿਆਂ ਨੂੰ ਦੱਸਿਆ ਕਿ ਤੀਜ ਦਾ ਤਿਉਹਾਰ ਸਾਵਣ ਮਹੀਨੇ ਵਿੱਚ ਮਨਾਇਆ ਜਾਂਦਾ ਹੈ। ਸਾਵਣ ਦੇ ਮਹੀਨੇ ਹਰ ਪਾਸੇ ਕੁਦਰਤ ਦੀ ਹਰਿਆਲੀ ਨਜ਼ਰ ਆਉਂਦੀ ਹੈ, ਇਸ ਲਈ ਇਸ ਨੂੰ ਹਰਿਆਲੀ ਤੀਜ ਕਿਹਾ ਜਾਂਦਾ ਹੈ। ਇਹ ਭਾਰਤ ਦੇ ਕਈ ਹਿੱਸਿਆਂ ਵਿੱਚ ਬਹੁਤ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਖਾਸ ਬਣਾਉਣ ਲਈ ਸਾਰਿਆਂ ਨੇ ਮਾਲਪੂਆ, ਖੀਰ, ਘੀਵਰ ਦਾ ਆਨੰਦ ਮਾਣਿਆ।

ਡਿਪਸ ਚੇਨ ਦੇ ਐਮਡੀ ਸਰਦਾਰ ਤਰਵਿੰਦਰ ਸਿੰਘ ਨੇ ਦੱਸਿਆ ਕਿ ਇਹਨਾਂ ਤਿਉਹਾਰਾਂ ਨੂੰ ਮਨਾਉਣ ਦਾ ਮੁੱਖ ਮੰਤਵ ਇਹਨਾਂ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਸੱਭਿਆਚਾਰ ਅਤੇ ਵਿਰਸੇ ਨਾਲ ਜੋੜਨਾ ਹੈ। ਇਸ ਨਾਲ ਵਿਦਿਆਰਥੀਆਂ ਨੂੰ ਸਾਡੇ ਵਿਰਸੇ ਨਾਲ ਜੁੜੀਆਂ ਵੱਖ-ਵੱਖ ਚੀਜ਼ਾਂ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ।




# ਮਨੀਪੁਰ ਵਿੱਚ ਵਾਪਰੀਆਂ ਅਣਮਨੁਖੀ ਘਟਨਾਵਾਂ ਦੇ ਖਿਲਾਫ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ

**• ਸ਼ੀ ਅਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ**

ਭਾਰਤੀ ਕਮਿਊਨਿਸਟ ਪਾਰਟੀ ਜਿਲਾ ਰੋਪੜ ਵੱਲ ਕਾਮਰੇਡ ਦਵਿੰਦਰ ਨੰਗਲੀ, ਹਰੀ ਚੰਦ ਗੋਲਨੀ, ਗੁਰਨਾਮ ਸਿੰਘ ਔਲਖ, ਬਖਤਾਵਰ ਸਿੰਘ, ਰਣਜੀਤ ਸਰਥਲੀ, ਗੁਰਨਾਮ ਸਿੰਘ ਔਲਖ, ਆਦਿ ਦੀ ਅਗਵਾਈ ਵਿਚ ਮਨੀਪੁਰ ਦੀਆਂ ਫਿਰਕੂ ਅਤੇ ਅਣਮਨੁਖੀ ਘਟਨਾਵਾਂ ਦੇ ਵਿਰੋਧ ਵਿਚ ਐਸ ਡੀ ਐਮ ਸ੍ਰੀ ਆਨੰਦਪੁਰ ਸਾਹਿਬ ਰਾਹੀਂ ਦੇਸ਼ ਦੇ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜਿਆ ਗਿਆ। ਜਿਸ ਵਿਚ ਮਨੀਪੁਰ ਦੀਆਂ ਘਟਨਾਵਾਂ ਲਈ ਮਨੀਪੁਰ ਦੀ ਬਿਰੇਨ ਦੀ ਸਰਕਾਰ ਨੂੰ ਅਤੇ ਕੇਂਦਰ ਦੀ ਮੋਦੀ ਦੀ ਸਰਕਾਰ ਦੀਆਂ ਫਿਰਕੂ ਅਤੇ ਘੱਟ ਗਿਣਤੀਆਂ ਵਿਰੋਧੀ ਨੀਤੀਆਂ ਨੂੰ ਸਿਧੇ ਤੌਰ ਤੇ ਜਿਮੇਵਾਰ ਠਹਿਰਾਇਆ ਅਤੇ ਦਿਨ ਦਿਹਾੜੇ ਕਤਲੋਗਾਰਤ, ਬਲਾਤਕਰ, ਲਿੰਚਿੰਗ,ਔਰਤਾਂ ਤੇ ਨਗਨ ਹਾਲਤ ਵਿਚ ਅਣਮਨੁਖੀ ਤਸ਼ਦਦ ਆਦਿ ਦਾ ਮਹੀਨਿਆਂ ਬਧੀ ਜਾਰੀ ਰਹਿਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ। ਆਗੂਆਂ ਨੇ ਦੇਸ਼ ਦੇ ਰਾਸ਼ਟਰਪਤੀ ਤੋਂ ਮੰਗ ਕੀਤੀ ਕਿ ਮਨੀਪੁਰ ਦੀ ਬਿਰੇਨ ਸਰਕਾਰ ਨੂੰ ਫੌਰੀ ਤੌਰ ਤੇ ਬਰਖਾਸਤ ਕੀਤਾ ਜਾਏ ਅਤੇ ਮਨੀਪੁਰ ਵਿਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਏ, ਮਨੀਪੁਰ ਵਿਚ ਫਿਰਕੂ ਫਸਾਦ ਰੋਕੇ ਜਾਣ ਅਤੇ ਔਰਤਾਂ ਦੀ ਇਜਤ ਆਬਰੂ ਦੀ ਰਾਖੀ ਕੀਤੀ ਜਾਏ, ਲੋਕਾਂ ਦੀ ਜਾਨ ਅਤੇ ਮਾਲ ਦੀ ਰਾਖੀ ਕੀਤੀ ਜਾਏ, ਮੁਜਰਮਾਂ ਨੂੰ ਫੌਰੀ ਤੌਰ ਤੇ ਗ੍ਰਿਫਤਾਰ ਕੀਤਾ ਜਾਏ ਅਤੇ ਵਿਸ਼ੇਸ਼ ਅਦਾਲਤਾਂ ਰਾਹੀਂ ਸਖਤ ਸਜਾਵਾਂ ਦਿਤੀਆਂ ਜਾਣ, ਵਿਸ਼ੇਸ਼ ਤੌਰ ਤੇ ਔਰਤਾਂ ਤੇ ਜੁਲਮ ਕਰਨ ਵਾਲਿਆਂ ਨੂੰ ਫਾਹੇ ਲਾਇਆ ਜਾਏ। ਫਿਰਕੂ ਫਸਾਦਾਂ ਸਬੰਧੀ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਸਖਤ ਨੋਟਿਸ ਲਿਆ ਜਾਏ ਅਤੇ ਇਸ ਸਬੰਧੀ ਗ੍ਰਹਿ ਵਿਭਾਗ ਦੀ ਕਾਰਗੁਜਾਰੀ ਦੀ ਸਮੀਕਸ਼ਾ ਕੀਤੀ ਜਾਏ। ਉਜੜੇ ਹੋਏ ਲੋਕਾਂ ਦੇ ਵਸੇਬੇ ਦਾ ਫੌਰੀ ਤੌਰ ਤੇ ਪ੍ਰਬੰਧ ਕੀਤਾ ਜਾਏ, ਦੇਸ਼ ਵਿਚ ਔਰਤਾਂ ਅਤੇ ਘੱਟ ਗਿਣਤੀਆਂ ਤੇ ਹੋ ਰਹੇ ਹਮਲਿਆਂ ਤੋਂ ਕੇਂਦਰ ਦੀ ਮੋਦੀ ਸਰਕਾਰ ਨੂੰ ਸਚੇਤ ਕੀਤਾ ਜਾਏ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰੀ ਮਸ਼ੀਨਰੀ ਦਾ ਮੂਕ ਦਰਸ਼ਕ ਬਣ ਜਾਣਾ ਅਤੇ ਫਿਰਕੂ ਲੀਹਾਂ ਤੇ ਵੰਡ ਜਾਣ ਦੇ ਬਹੁਤ ਭਿਆਨਕ ਨਤੀਜੇ ਨਿਕਲ ਸਕਦੇ ਹਨ।

# ਭਵਿੱਖ ਨੂੰ ਦੇਵੇ ਰਫ਼ਤਾਰ ਪੱਤਰਕਾਰੀ ਤੇ ਜਨ ਸੰਚਾਰ

ਅਜੋਕੇ ਦੌਰ 'ਚ ਕੌਣ ਨਹੀਂ ਚਾਹੁੰਦਾ ਕਿ ਉਸ ਦਾ ਭਵਿੱਖ ਸੁਨਹਿਰੀ ਹੋਵੇ? ਇਸੇ ਲਈ ਹਰ ਨੌਜਵਾਨ ਚੰਗੇ ਭਵਿੱਖ ਲਈ ਵਧੀਆ ਨੌਕਰੀ ਦੀ ਭਾਲ 'ਚ ਰਹਿੰਦਾ ਹੈ। ਜੇ ਗੱਲ ਕੁਝ ਕੁ ਸਾਲ ਪਹਿਲਾਂ ਦੀ ਕਰੀਏ ਤਾਂ ਨੌਜਵਾਨਾਂ ਕੋਲ ਚੰਗੀ ਨੌਕਰੀ ਦੇ ਕੁਝ ਕੁ ਹੀ ਸੀਮਤ ਸਾਧਨ ਮੌਜੂਦ ਸਨ ਪਰ ਅਜੋਕੇ ਸਮੇਂ 'ਚ ਇਨ੍ਹਾਂ ਸਾਧਨਾਂ ਵਿਚ ਬੜੀ ਤੇਜ਼ੀ ਨਾਲ ਵਾਧਾ ਹੋਇਆ ਹੈ। ਅੱਜ ਦਾ ਨੌਜਵਾਨ ਵਰਗ ਚੰਗੇ ਭਵਿੱਖ ਲਈ ਬਹੁਤ ਸਾਰੇ ਖੇਤਰਾਂ ਨਾਲ ਸਬੰਧਿਤ ਬਦਲਾਂ ਵਿੱਚੋਂ ਆਪਣੀ ਮਰਜ਼ੀ ਅਨੁਸਾਰ ਕੋਈ ਵੀ ਬਦਲ ਚੁਣ ਸਕਦਾ ਹੈ। ਹੁਣ ਨੌਜਵਾਨ ਬਿਨਾਂ ਕਿਸੇ ਮੁਸ਼ਕਿਲ ਦੇ ਵਧੀਆ ਕਰੀਅਰ ਦੀ ਚੋਣ ਸਕਦੇ ਹਨ। ਇਨ੍ਹਾਂ ਬਦਲਾਂ ਵਿੱਚੋਂ ਹੀ ਹੈ 'ਪੱਤਰਕਾਰੀ ਤੇ ਜਨ ਸੰਚਾਰ' ਵਿਚ 'ਚ ਕਰੀਅਰ।

***ਦਿਲਚਸਪ ਕਿੱਤਾ***

ਪੱਤਰਕਾਰੀ ਦਿਲਚਸਪ ਕਿੱਤਾ ਹੈ, ਜਿਸ 'ਚ ਸਾਨੂੰ ਵੱਖ-ਵੱਖ ਲੋਕਾਂ ਨੂੰ ਮਿਲਣ ਅਤੇ ਨਵੀਆਂ-ਨਵੀਆਂ ਥਾਵਾਂ 'ਤੇ ਜਾਣ ਦਾ ਮੌਕਾ ਵੀ ਮਿਲ ਜਾਂਦਾ ਹੈ। ਤਕਨਾਲੋਜੀ ਦੀ ਵਜ?ਹਾ ਨਾਲ ਮੀਡੀਆ ਦਾ ਸਰੂਪ ਵੀ ਬਦਲ ਰਿਹਾ ਹੈ। ਸਮਾਰਟ ਕੈਮਰੇ ਵਾਲੇ ਫੋਨ ਤੇ ਫੇਸਬੁੱਕ ਲਾਈਵ ਜਿਹੀਆਂ ਤਕਨੀਕਾਂ ਆਉਣ ਨਾਲ ਖ਼ਬਰਾਂ ਨੂੰ ਦੇਖਣਾ-ਪੜ੍ਹਨਾ ਹੁਣ ਦਿਲਚਸਪ ਹੋ ਗਿਆ ਹੈ। ਇਹ ਖ਼ਬਰਾਂ ਖ਼ੁਦ ਲੋਕਾਂ ਤੱਕ ਪਹੁੰਚ ਰਹੀਆਂ ਹਨ, ਜਿਨ੍ਹਾਂ ਨੂੰ ਅਸੀਂ ਆਪਣੀ ਰੁਚੀ ਅਨੁਸਾਰ ਪੜ੍ਹ ਅਤੇ ਵੇਖ ਸਕਦੇ ਹਾਂ। ਜੇ ਤੁਹਾਡੀ ਦਿਲਚਸਪੀ ਇਕ ਪੱਤਰਕਾਰ ਦੇ ਤੌਰ 'ਤੇ ਦੇਸ਼-ਦੁਨੀਆ ਦੀ ਘਟਨਾਵਾਂ ਨੂੰ ਪਾਠਕਾਂ-ਦਰਸ਼ਕਾਂ ਤੱਕ ਰੋਚਕ ਢੰਗ ਨਾਲ ਪਹੁੰਚਾਉਣ 'ਚ ਹੈ ਤਾਂ ਤੁਹਾਡੇ ਕੋਲ ਨਿਊ ਏਜ਼ ਜਰਨਲਿਜ਼ਮ 'ਚ ਆਪਣਾ ਹੁਨਰ ਦਿਖਾਉਣ ਦਾ ਮੌਕਾ ਹੈ।



***ਨੌਕਰੀ ਦੇ ਬਹੁਤ ਸਾਰੇ ਬਦਲ***

ਇਹ ਅਜਿਹਾ ਵਿਸ਼ਾਲ ਖੇਤਰ ਹੈ, ਜਿਸ 'ਚ ਨੌਕਰੀ ਦੇ ਬਹੁਤ ਸਾਰੇ ਮੌਕੇ ਹਨ। ਇਹ ਪ੍ਰੋਫੈਸ਼ਨਲ ਵਿਸ਼ਾ ਹੋਣ ਦੇ ਨਾਲ-ਨਾਲ ਅਜਿਹਾ ਖੇਤਰ ਹੈ, ਜਿਸ ਨਾਲ ਤੁਸੀਂ ਤਰੱਕੀ ਦੇ ਨਾਲ-ਨਾਲ ਵੱਖਰੀ ਪਛਾਣ ਵੀ ਬਣਾ ਸਕਦੇ ਹੋ। ਜੇ ਇਸ ਖੇਤਰ ਦੀ ਗੱਲ ਵਿਸਥਾਰ ਨਾਲ ਕਰੀਏ ਤਾਂ ਇਸ ਖੇਤਰ 'ਚ ਬਹੁਤ ਸਾਰੇ ਬਦਲ ਮੌਜੂਦ ਹਨ, ਜਿਨ੍ਹਾਂ 'ਚ ਸੁਨਹਿਰੀ ਭਵਿੱਖ ਬਣਾਇਆ ਜਾ ਸਕਦਾ ਹੈ।

***ਬਣਾ ਸਕਦੇ ਹੋ ਪਛਾਣ***

ਅੱਜ-ਕੱਲ੍ਹ ਕੌਣ ਨਹੀਂ ਚਾਹੁੰਦਾ ਕਿ ਉਹ ਪ੍ਰਸਿੱਧ ਹੋਵੇ? ਕੌਣ ਨਹੀਂ ਚਾਹੁੰਦਾ ਕਿ ਉਸ ਦੀ ਵੱਖਰੀ ਪਛਾਣ ਹੋਵੇ? ਤਕਨੀਕ ਦੇ ਨਾਲ ਪੱਤਰਕਾਰਤਾ ਦੀ ਸਮਝ ਰੱਖਣ ਵਾਲਿਆਂ ਲਈ ਡਿਜੀਟਲ ਮੀਡੀਆ ਤੋਂ ਇਲਾਵਾ ਰਵਾਇਤੀ ਮੀਡੀਆ ਵੀ ਤੇਜ਼ੀ ਨਾਲ ਵੱਧ ਰਿਹਾ ਹੈ। ਪਿ?ਰੰਟ ਮੀਡੀਆ, ਇਲੈਕਟ?ਰਾਨਿਕ ਮੀਡੀਆ ਤੇ ਪਬਲਿਕ ਰਿਲੇਸ਼ਨ ਜਿਹੇ ਖੇਤਰਾਂ 'ਚ ਸੰਪਾਦਕ, ਰਿਪੋਰਟਰ, ਸਬ-ਐਡੀਟਰ, ਸਮਾਚਾਰ/ਫੀਚਰ ਸੰਪਾਦਕ, ਐਂਕਰ, ਪ੍ਰੋਡਿਊਸਰ, ਕਾਪੀ ਐਡੀਟਰ, ਲੋਕ ਸੰਪਰਕ ਅਫ਼ਸਰ, ਨਿਊਜ਼ ਐਂਕਰ, ਨਿਰਮਾਤਾ, ਟੀਵੀ ਹੋਸਟ, ਰੇਡੀਓ ਜੌਕੀ, ਸੋਸ਼ਲ ਮੀਡੀਆ ਮੈਨੇਜਰ, ਪ੍ਰੋਡਕਸ਼ਨ ਐਗਜ਼ੀਕਿਊਟਿਵ, ਗ੍ਰਾਫਿਕ ਡਿਜ਼ਾਈਨਰ, ਸਕਿ?ਰਪਟ ਲੇਖਕ ਆਦਿ ਖੇਤਰ 'ਚ ਤੁਸੀਂ ਨੌਕਰੀ ਕਰ ਸਕਦੇ ਹੋ। ਇਸ ਲਈ ਪੱਤਰਕਾਰੀ ਅਤੇ ਜਨ ਸੰਚਾਰ 'ਚ ਤੁਸੀਂ ਨੌਕਰੀ ਦੇ ਨਾਲ-ਨਾਲ ਆਪਣੀ ਵੱਖਰੀ ਪਛਾਣ ਵੀ ਬਣਾ ਸਕਦੇ ਹੋ।

**ਵਿਜੈ ਗਰਗ**
**ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ**
**ਕਾਲਮਨਿਸਟ ਮਲੋਟ ਪੰਜਾਬ**

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998

# ਰਸ-ਭਿੰਨੇ ਕੀਰਤਨੀਏ-ਮਹੰਤ ਸੁਰਿੰਦਰ ਸਿੰਘ 'ਸੇਵਾਪੰਥੀ'

## ਜਨਮ ਦਿਨ 'ਤੇ ਵਿਸ਼ੇਸ਼

**ਮਹੰਤ** ਸੁਰਿੰਦਰ ਸਿੰਘ ਜੀ ਦਾ ਜਨਮ 4 ਅਗਸਤ 1969 ਈ: ਸੰਮਤ 2026 ਬਿਕਰਮੀ ਨੂੰ ਗੋਇੰਦਵਾਲ ਸਾਹਿਬ ਜ਼ਿਲ੍ਹਾ ਤਰਨਤਾਰਨ ਵਿਖੇ ਪਿਤਾ ਭੋਜਾ ਸਿੰਘ ਦੇ ਘਰ ਮਾਤਾ ਲਾਲ ਕੌਰ ਜੀ ਦੀ ਕੁੱਖ ਤੋਂ ਹੋਇਆ। ਆਪ 10 ਸਾਲ ਦੀ ਉਮਰ (1979 ਈ:) ਵਿੱਚ ਮਹੰਤ ਤਾਰਾ ਸਿੰਘ ਜੀ ਦੀ ਸ਼ਰਨ ਸਿੰਘ ਆ ਗਏ। ਡੇਰੇ ਵਿੱਚ ਆਪ ਨੇ ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ ਕਰਨਾ, ਨਿੱਤ-ਨੇਮ ਕਰਨਾ, ਕਥਾ-ਕੀਰਤਨ, ਵਿੱਦਿਆ ਪ੍ਰਾਪਤੀ ਆਪ ਦੇ ਜੀਵਨ ਦਾ ਆਧਾਰ ਬਣ ਗਏ। ਆਪ ਨੇ ਜਪੁਜੀ ਸਾਹਿਬ, ਪੰਜ ਗ੍ਰੰਥੀ, ਦਸ ਗ੍ਰੰਥੀ, ਭਗਤ ਬਾਣੀ ਤੇ ਸ਼?ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਮਹੰਤ ਤਾਰਾ ਸਿੰਘ ਜੀ ਦੇ ਡੇਰੇ ਮਾਸਟਰ ਗੁਰਦੀਪ ਸਿੰਘ ਪਾਸੋਂ ਚਾਰ ਸਾਲ ਪ੍ਰਾਪਤ ਕੀਤੀ। ਇੱਥੇ ਹੀ ਆਪ ਨੂੰ ਜਤ-ਸਤ ਪਾਲਣ ਦੀ ਸ਼ਕਤੀ, ਨਾਮ ਅਭਿਆਸ ਕਮਾਈ, ਗੁਰਬਾਣੀ ਦਾ ਅਰਥ-ਬੋਧ ਸਭ ਪ੍ਰਾਪਤ ਹੋ ਗਿਆ। ਆਪ 1980 ਈ: ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਸ਼?ਰੀ ਅੰਮ੍ਰਿਤਸਰ ਵਿਖੇ ਪੰਜ ਪਿਆਰਿਆਂ ਦੇ ਜਥੇ ਪਾਸੋਂ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣੇ। ਆਪ ਨੇ ਮਹੰਤ ਦਇਆ ਸਿੰਘ ਜੀ ਨੂੰ ਗੁਰਬਾਣੀ ਦਾ ਪਾਠ ਸੁਣਾਉਂਣਾ, ਮੁੱਠੀ ਚਾਪੀ ਕਰਨੀ, ਪੱਖਾ ਝੱਲਣਾ, ਖਾਣ-ਪੀਣ ਦੇ ਨਾਲ ਦਵਾਈ ਦੇਣੀ। ਮਹੰਤ ਦਇਆ ਸਿੰਘ ਜੀ ਨੇ ਆਪ ਨੂੰ ਵੱਡੇ ਮਹਾਂਪੁਰਖਾਂ ਦੇ ਬਚਨ ਸੁਣਾਉਣੇ, ਸ਼ੁੱਭ ਸਿੱਖਿਆ ਦੇਣੀ। ਸੰਤ ਸੁਰਿੰਦਰ ਸਿੰਘ, ਮਹੰਤ ਦਇਆ ਸਿੰਘ ਜੀ ਦੀ ਚੇਲੇ ਸਨ।

ਮਹੰਤ ਦਇਆ ਸਿੰਘ ਜੀ ਸੇਵਾ, ਸਿਮਰਨ ਤੇ ਪਰਉਪਕਾਰ ਦੇ ਕਾਰਜ ਕਰਦਿਆਂ 3 ਸਤੰਬਰ 1995 ਈ: ਨੂੰ ਸੱਚ-ਖੰਡ ਜਾ ਬਿਰਾਜੇ। ਮਹੰਤ ਦਇਆ ਸਿੰਘ ਨਮਿਤ 16 ਸਤੰਬਰ 1995 ਈ: ਨੂੰ ਅਖੰਡ-ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਭਾਈ ਹਰਜਿੰਦਰ ਸਿੰਘ ਸ਼?ਰੀ ਨਗਰ ਵਾਲੇ ਤੇ ਹੋਰ ਪੰਥ ਪ੍ਰਸਿੱਧ ਕੀਰਤਨੀ ਜਥਿਆਂ ਨੇ ਵੈਰਾਗਮਈ ਕੀਰਤਨ ਕੀਤਾ। ਮਹੰਤ ਤਾਰਾ ਸਿੰਘ ਜੀ ਨੇ ਦਸਤਾਰਬੰਦੀ ਤੋਂ ਪਹਿਲਾਂ ਸੰਤ ਸੁਰਿੰਦਰ ਸਿੰਘ ਜੀ ਨੂੰ ਝਾੜੂ ਤੇ ਬਾਟਾ ਭੇਟ ਕੀਤਾ। ਇਹ ਦੋਨੋਂ ਸੇਵਾਪੰਥੀ ਸੰਸਥਾ ਵਿੱਚ ਸੇਵਾ ਅਤੇ ਨਿਮਰਤਾ ਦਾ ਚਿੰਨ੍ਹ ਸਮਝੀਆਂ ਜਾਂਦੀਆਂ ਹਨ। ਮਹੰਤ ਤਾਰਾ ਸਿੰਘ ਜੀ, ਬਾਬਾ ਦਰਸ਼ਨ ਸਿੰਘ ਜੀ ਬੀੜ ਸਾਹਿਬ ਵਾਲੇ, ਸੰਤ ਕਾਹਨ ਸਿੰਘ ਗੋਨਿਆਣਾ ਮੰਡੀ, ਮਹੰਤ ਦਿਲਬਾਗ਼ ਸਿੰਘ ਅਨੰਦਪੁਰ ਸਾਹਿਬ ਅਤੇ ਸਮੂਹ ਸੰਤ ਜਨ ਵੱਲੋਂ ਸੰਤ ਸੁਰਿੰਦਰ ਸਿੰਘ ਜੀ ਨੂੰ ਦਸਤਾਰ ਸਜਾਉਣ ਦੀ ਰਸਮ ਅਦਾ ਕੀਤੀ। ਸੰਤ ਸਰੂਪ ਦਾਸ ਜੀ (ਅਖਾੜਾ ਬ੍ਰਹਮ ਬੂਟਾ), ਮਹੰਤ ਇਕਬਾਲ ਸਿੰਘ ਜੀ, ਮਹੰਤ ਚਰਨਜੀਤ ਸਿੰਘ ਜੀ ਨੇ ਦਸਤਾਰ ਸਜਾਉਣ ਉਪਰੰਤ ਸੰਤ ਸੁਰਿੰਦਰ ਸਿੰਘ ਜੀ ਨੂੰ ਪੁਸ਼ਪ ਮਾਲਾ ਪਹਿਨਾਈ। ਇਸ ਸ਼ੁੱਭ ਅਵਸਰ ਤੇ ਬਾਬਾ ਸਰਬਜੋਤ ਸਿੰਘ ਜੀ ਬੇਦੀ ਦੇ ਸੇਵਾਦਾਰ, ਮਹੰਤ ਤਾਰਾ ਸਿੰਘ ਜੀ 'ਸੇਵਾਪੰਥੀ' ਹੁਸ਼ਿਆਰਪੁਰ, ਸੰਤ ਕਾਹਨ ਸਿੰਘ ਜੀ 'ਸੇਵਾਪੰਥੀ' ਗੋਨਿਆਣਾ ਮੰਡੀ, ਸੰਤ ਸਤਨਾਮ ਸਿੰਘ ਜੀ 'ਸੇਵਾਪੰਥੀ' ਊਨਾਂ ਸਾਹਿਬ, ਮਹੰਤ ਦਿਲਬਾਗ਼ ਸਿੰਘ ਜੀ 'ਸੇਵਾਪੰਥੀ' ਅਨੰਦਪੁਰ ਸਾਹਿਬ, ਮਹੰਤ ਮਹਿੰਦਰ ਸਿੰਘ ਜੀ 'ਸੇਵਾਪੰਥੀ' ਦਿੱਲੀ, ਮਹੰਤ ਬਲਬੀਰ ਸਿੰਘ ਜੀ 'ਸੇਵਾਪੰਥੀ' ਅੰਮ੍ਰਿਤਸਰ, ਸੰਤ ਚਮਕੌਰ ਸਿੰਘ ਜੀ 'ਸੇਵਾਪੰਥੀ' ਅੰਮ੍ਰਿਤਸਰ, ਬਾਬਾ ਦਰਸ਼ਨ ਸਿੰਘ ਜੀ ਬੀੜ ਸਾਹਿਬ, ਸੰਤ ਇਕਬਾਲ ਸਿੰਘ ਜੀ, ਸੰਤ ਚਰਨਜੀਤ ਸਿੰਘ ਜੀ ਅਤੇ ਹੋਰ ਕਈ ਮਹਾਂਪੁਰਸ਼ਾਂ ਨੇ ਸਮਾਗਮ ਵਿੱਚ ਹਾਜ਼ਰੀ ਭਰੀ ਅਤੇ ਦਸਤਾਰਾਂ ਭੇਟ ਕੀਤੀਆਂ ਇਸ ਤੋਂ ਇਲਾਵਾ ਸ਼?ਰੀ ਕੁੰਦਨ ਲਾਲ ਦਿੱਲੀ, ਸ੍ਰ: ਗੁਰਬਖ਼ਸ਼ ਸਿੰਘ ਜੀ ਬਰੇਲੀ ਅਤੇ ਹੋਰ ਡੇਰੇ ਦੇ ਸਿੱਖ ਸੇਵਕ ਭਾਰੀ ਤਾਦਾਦ ਵਿੱਚ ਸ਼ਾਮਲ ਹੋਏ।

ਮਹੰਤ ਸੁਰਿੰਦਰ ਸਿੰਘ ਜੀ ਕੋਲ 30 ਬੱਚੇ ਗੁਰਮਤਿ ਸੰਗੀਤ ਤੇ ਗੁਰਬਾਣੀ ਦੀ ਸੰਥਿਆ ਪ੍ਰਾਪਤ ਕਰ ਰਹੇ ਹਨ। ਆਪ ਜੀ ਕੋਲ ਗ਼ਰੀਬ, ਲੋੜਵੰਦ, ਦੁਖਿਆਰਾ ਜੋ ਵੀ ਆਉਂਦਾ ਹੈ, ਆਪ ਉਸ ਦੀ ਵੱਧ ਤੋਂ ਵੱਧ ਸਹਾਇਤਾ ਕਰਨ ਦਾ ਯਤਨ ਕਰਦੇ ਹਨ। ਆਪ ਡੇਰੇ ਵਿੱਚ ਆਏ ਸ਼ਰਧਾਲੂ, ਸੰਗਤਾਂ ਨੂੰ ਸਭ ਤੋਂ ਪਹਿਲਾਂ ਚਾਹ, ਪਾਣੀ, ਲੰਗਰ ਛਕਣ ਲਈ ਕਹਿੰਦੇ ਹਨ। ਡੇਰਾ ਮਿੱਠਾ ਟਿਵਾਣਾ ਚੌਕ ਬਾਬਾ ਸਾਹਿਬ ਅੰਮ੍ਰਿਤਸਰ ਵਿਖੇ ਯਾਤਰੂ ਸੰਗਤਾਂ ਦੀ ਰਿਹਾਇਸ਼ ਲਈ 21 ਕਮਰੇ ਬਣੇ ਹੋਏ ਹਨ। ਮਹੰਤ ਸੁਰਿੰਦਰ ਸਿੰਘ ਜੀ ਨੇ ਆਪ ਹੱਥੀਂ ਸੇਵਾ ਕਰਕੇ ਤੇ ਸੰਗਤਾਂ ਦੇ ਸਹਿਯੋਗ ਨਾਲ ਡੇਰੇ ਦਾ ਨਿਰਮਾਣ ਕਰਵਾਇਆ। ਜਦੋਂ ਤੋਂ ਮਹੰਤ ਜੀ ਨੇ ਡੇਰੇ ਦੀ ਸੇਵਾ ਸੰਭਾਲੀ ਹੈ ਡੇਰਾ ਦਿਨ ਦੁਗਣੀ ਤੇ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ।

ਮਹੰਤ ਸੁਰਿੰਦਰ ਸਿੰਘ ਜੀ ਪੰਥ ਦੇ ਪ੍ਰਸਿੱਧ ਕੀਰਤਨੀਏ ਹਨ। ਆਪ ਜੀ ਦੀਆਂ ਦੋ ਦਰਜਨ (24) ਤੋਂ ਵੀ ਵੱਧ ਗੁਰਬਾਣੀ ਸ਼ਬਦਾਂ ਦੀਆਂ ਆਡੀਓ-ਵੀਡੀਓ ਕੈਸਿਟਾਂ/ਸੀਡੀਜ਼ ਮਾਰਕਿਟ ਵਿੱਚ ਆ ਚੁੱਕੀਆਂ ਹਨ। ਮਹੰਤ ਜੀ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ, ਮੁੰਬਈ, ਕਲਕੱਤਾ, ਇੰਦੌਰ, ਮੁਰਾਦਾਬਾਦ, ਰਾਮਪੁਰ ਅਤੇ ਵਿਦੇਸ਼ਾਂ ਅਮਰੀਕਾ, ਕੈਨੇਡਾ, ਇੰਗਲੈਂਡ ਵਿੱਚ ਅੰਮ੍ਰਿਤਮਈ ਬਾਣੀ ਦੁਆਰਾ ਸੰਗਤਾਂ ਨੂੰ ਵੱਖ-ਵੱਖ ਗੁਰਮਤਿ ਸਮਾਗਮਾਂ ਵਿੱਚ ਨਿਹਾਲ ਕਰ ਚੁੱਕੇ ਹਨ।




ਮਹੰਤ ਸੁਰਿੰਦਰ ਸਿੰਘ 'ਸੇਵਾਪੰਥੀ' ਗੁਰਦੁਆਰਾ ਮਿੱਠਾ ਟਿਵਾਣਾ ਚੈਰੀਟੇਬਲ ਟ?ਰਸਟ (ਰਜਿ:) ਵੱਲੋਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਸਹਿਯੋਗ ਨਾਲ ਸ਼?ਰੀ ਗੁਰੂ ਤੇਗ਼ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਭਾਈ ਕਨੱਈਆ ਜੀ ਬਿਰਧ ਆਸ਼ਰਮ ਮਾਨਾਂਵਾਲਾ ਟੋਲ ਪਲਾਜਾ, ਨੇੜੇ ਨਿੱਝਰ ਕੋਲਡ ਸਟੋਰ ਕੋਲ ਅੰਮ੍ਰਿਤਸਰ ਦੀ ਬਿਲਡਿੰਗ ਦੀ ਕਾਰ-ਸੇਵਾ ਦਾ ਨੀਹ-ਪੱਥਰ 3 ਮਈ ਦਿਨ ਸੋਮਵਾਰ ਨੂੰ ਸਵੇਰੇ 11 ਵਜੇ ਸ਼?ਰੀਮਾਨ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ, ਸ਼?ਰੀਮਾਨ ਮਹੰਤ ਕਰਮਜੀਤ ਸਿੰਘ ਜੀ 'ਸੇਵਾਪੰਥੀ' ਯਮੁਨਾ ਨਗਰ, ਸ਼?ਰੀਮਾਨ ਮਹੰਤ ਕਾਹਨ ਸਿੰਘ ਜੀ 'ਸੇਵਾਪੰਥੀ' ਗੋਨਿਆਣਾ ਭਾਈ ਜਗਤਾ (ਬਠਿੰਡਾ), ਸ਼?ਰੀਮਾਨ ਮਹੰਤ ਚਮਕੌਰ ਸਿੰਘ ਜੀ 'ਸੇਵਾਪੰਥੀ' ਪਟਿਆਲਾ, ਸ਼?ਰੀਮਾਨ ਸੰਤ ਸਤਨਾਮ ਸਿੰਘ ਜੀ ਜੋਧਕਾ ਆਸਨ ਕਲਾਂ ਪਾਣੀਪਤ, ਸ਼?ਰੀਮਾਨ ਸੰਤ ਹਰਪਾਲ ਦਾਸ ਜੀ ਕਲਾਨੌਰ ਅਤੇ ਹੋਰ ਮਹਾਂਪੁਰਖਾਂ ਨੇ ਜਪੁਜੀ ਸਾਹਿਬ, ਚੌਪਈ ਸਾਹਿਬ ਦੇ ਪਾਠ ਤੇ ਅਰਦਾਸ ਕਰਨ ਉਪਰੰਤ ਰੱਖਿਆ।

ਮਹੰਤ ਸੁਰਿੰਦਰ ਸਿੰਘ ਜੀ 'ਸੇਵਾਪੰਥੀ' ਅੰਮ੍ਰਿਤਸਰ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ ਲੋੜਵੰਦ, ਬਜ਼ੁਰਗ ਜਿਨ੍ਹਾਂ ਦਾ ਕੋਈ ਸਹਾਰਾ ਨਹੀਂ, ਉਹਨਾਂ ਦੀ ਸਾਂਭ-ਸੰਭਾਲ ਕੀਤੀ ਜਾਵੇਗੀ। ਬਿਰਧ ਆਸ਼ਰਮ ਦੀ ਇਮਾਰਤ ਬਣਨ 'ਤੇ ਇੱਥੇ ਆਲੇ-ਦੁਆਲੇ ਦੇ ਪਿੰਡਾਂ ਦੇ ਬੱਚਿਆਂ ਨੂੰ ਗੁਰਬਾਣੀ ਦੀ ਸੰਥਿਆ, ਕੀਰਤਨ ਦੀ ਸਿਖਲਾਈ ਮੁਫ਼ਤ ਦਿੱਤੀ ਜਾਵੇਗੀ। ਉਹਨਾਂ ਦੱਸਿਆ ਕਿ ਇੱਥੇ ਰਹਿਣ ਵਾਲੇ ਬਜ਼ੁਰਗਾਂ 'ਤੇ ਬੇਸਹਾਰਿਆਂ ਦੀ ਸਹੂਲਤ 'ਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਬਿਰਧ ਆਸ਼ਰਮ ਦੀ ਉਸਾਰੀ ਦਾ ਕੰਮ ਬੜੀ ਤੇਜ਼ੀ ਨਾਲ ਚੱਲ ਰਿਹਾ ਹੈ। ਉਹਨਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਬਣ ਰਹੇ ਬਿਰਧ ਆਸ਼ਰਮ ਲਈ ਰੇਤਾ, ਬੱਜਰੀ, ਸੀਮਿੰਟ, ਇੱਟਾਂ, ਸਰੀਆ ਅਤੇ ਤਨ-ਮਨ-ਧਨ ਨਾਲ ਸੇਵਾ ਕਰਕੇ ਆਪਣਾ ਜਨਮ ਸਫਲਾ ਕਰੋ।

ਮਹੰਤ ਸੁਰਿੰਦਰ ਸਿੰਘ ਜੀ 'ਸੇਵਾਪੰਥੀ' ਨੂੰ ਗੁਰਮਤਿ ਸਮਾਗਮਾਂ, ਕੀਰਤਨ-ਦਰਬਾਰਾਂ, ਰੈਣ ਸਬਾਈ ਕੀਰਤਨ ਸਮਾਗਮਾਂ, ਸੰਤ ਸਮਾਗਮਾਂ ਵਿੱਚ ਅਨੇਕਾਂ ਥਾਵਾਂ 'ਤੇ ਸਨਮਾਨਿਤ ਕੀਤਾ ਗਿਆ ਹੈ, ਜਿਵੇਂ 21 ਫ਼ਰਵਰੀ 1996 ਈ: ਨੂੰ ਤੀਸਰਾ ਸਰਬ-ਸਾਂਝਾ ਕੀਰਤਨ ਦਰਬਾਰ ਫਤਿਹਗੜ੍ਹ ਚੂੜੀਆਂ ਅੰਮ੍ਰਿਤਸਰ ਵਿਖੇ ਸਿਰੋਪਾ ਤੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। 5 ਮਈ 1996 ਈ: ਦਿਨ ਐਤਵਾਰ ਨੂੰ ਗੁਰਪੁਰਬ ਕਮੇਟੀ ਰਣਜੀਤ ਐਵਨਿਊ ਅੰਮ੍ਰਿਤਸਰ ਦੇ ਸਾਲਾਨਾ ਸਮਾਗਮ ਮੌਕੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਸ਼?ਰੀ ਗੁਰੂ ਅਰਜਨ ਦੇਵ ਜੀ ਦੇ 392ਵੇਂ ਸ਼ਹੀਦੀ ਪੁਰਬ 'ਤੇ ਗੁਰੂ ਨਾਨਕ ਦਰਬਾਰ ਰਾਮਪੁਰ ਯੂ.ਪੀ. ਵੱਲੋਂ 9 ਜੂਨ 1997 ਈ: ਨੂੰ ਸਿਰੋਪਾ ਤੇ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਲੁਧਿਆਣਾ ਵਿਖੇ 6 ਤੋਂ 9 ਨਵੰਬਰ 1997 ਈ: ਤੱਕ ਹੋਏ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਸਿਰੋਪਾ ਤੇ ਮੋਮੈਂਟੋ ਨਾਲ ਸਨਮਾਨਿਤ ਕੀਤਾ ਗਿਆ।

6 ਜਨਵਰੀ 2001 ਈ: ਨੂੰ ਸਮੂਹ ਸਾਧਸੰਗਤ ਗਲੀ ਨੰਬਰ 3, ਸ਼ਹੀਦ ਊਧਮ ਸਿੰਘ ਨਗਰ ਅੰਮ੍ਰਿਤਸਰ ਵਿਖੇ ਸ਼?ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ-ਦਿਨ ਤੇ ਸਿਰੋਪਾਉ ਤੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਬਾਬਾ ਤਾਰਾ ਸਿੰਘ ਸੇਵਾ ਸੁਸਾਇਟੀ ਲੁਧਿਆਣਾ ਵਿਖੇ ਤੀਸਰੇ ਮਹਾਨ ਕੀਰਤਨ-ਦਰਬਾਰ ਸਮੇਂ 18 ਫ਼ਰਵਰੀ 2001 ਈ: ਨੂੰ ਸਿਰੋਪਾ ਤੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਬਾਬਾ ਅਟੱਲ ਸਾਹਿਬ ਜੀ ਅੰਮ੍ਰਿਤਸਰ ਵਿਖੇ 10 ਮਾਰਚ

2002 ਈ: ਨੂੰ ਕੀਰਤਨ ਦਰਬਾਰ ਮੌਕੇ ਸੰਤ ਬਾਬਾ ਦਲਜੀਤ ਸਿੰਘ ਜੀ ਸ਼ਿਕਾਗੋ ਵਾਲਿਆਂ ਨੇ ਸਿਰੋਪਾ ਤੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ। ਮਹੰਤ ਤਾਰਾ ਸਿੰਘ ਜੀ ਮਿੱਠਾ ਟਿਵਾਣਾ ਵਾਲਿਆਂ ਦੀ ਯਾਦ ਵਿੱਚ ਬਾਬਾ ਤਾਰਾ ਸਿੰਘ ਸੇਵਾ ਸੁਸਾਇਟੀ ਲੁਧਿਆਣਾ ਵੱਲੋਂ ਕਰਵਾਏ ਗਏ ਚੌਥੇ ਮਹਾਨ ਕੀਰਤਨ-ਦਰਬਾਰ ਅਤੇ ਸੰਤ ਸਮਾਗਮ ਦੇ ਸ਼ੁੱਭ ਅਵਸਰ 'ਤੇ 1 ਦਸੰਬਰ 2002 ਈ: ਨੂੰ ਸਿਰੋਪਾ ਤੇ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਭਾਈ ਘਨੱਈਆ ਸੇਵਾ ਸੁਸਾਇਟੀ ਐਮ.ਐਸ. ਬਲਾਕ ਹਰੀ ਨਗਰ ਨਵੀਂ ਦਿੱਲੀ-64 ਵਿਖੇ ਮਹਾਨ ਕੀਰਤਨ-ਦਰਬਾਰ ਤੇ ਸੰਤ ਸਮਾਗਮ ਵਿੱਚ 28 ਦਸੰਬਰ 2002 ਈ: ਨੂੰ ਸਿਰੋਪਾ ਤੇ ਮੋਮੈਂਟੋ ਨਾਲ ਸਨਮਾਨਿਤ ਕੀਤਾ ਗਿਆ। ਭਾਈ ਮਰਦਾਨਾ ਯਾਦਗਾਰੀ ਕੀਰਤਨ-ਦਰਬਾਰ ਫ਼ਿਰੋਜ਼ਪੁਰ ਵਿਖੇ ਸੰਨ 2003 ਈ: ਤੇ 2004 ਈ: ਨੂੰ 'ਭਾਈ ਮਰਦਾਨਾ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਭਾਈ ਘਨੱਈਆ ਜੀ ਮਿਸ਼ਨ ਸੁਸਾਇਟੀ (ਰਜਿ:) 62 ਈਸਟ ਮੋਹਨ ਨਗਰ ਅੰਮ੍ਰਿਤਸਰ ਵੱਲੋਂ 300 ਸਾਲਾ ਮਲ੍ਹਮ ਦੀ ਡੱਬੀ ਬਖ਼ਸ਼ਿਸ਼ ਦਿਵਸ 'ਤੇ ਮਿਤੀ 27 ਸਤੰਬਰ 2004 ਈ: ਨੂੰ ਸਿਰੋਪਾ ਤੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਸ਼ੁੱਭ ਕਰਮਨ ਤੇ ਕਬਹੂੰ ਨਾ ਮਿਸ਼ਨ (ਰਜਿ:) ਅੰਮ੍ਰਿਤਸਰ ਵੱਲੋਂ 2 ਅਗਸਤ 2005 ਈ: ਨੂੰ 'ਰਾਗ ਰਤਨ ਕੀਰਤਨ ਦਰਬਾਰ' ਵਿੱਚ ਸਨਮਾਨਿਤ ਕੀਤਾ ਗਿਆ। ਭਾਈ ਘਨੱਈਆ ਜੀ ਅਤੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਯਾਦ ਨੂੰ ਸਮਰਪਿਤ ਲਾਸਾਨੀ ਆਤਮ ਰਸ ਕੀਰਤਨ-ਦਰਬਾਰ 'ਚ 1 ਅਕਤੂਬਰ 2005 ਈ: ਨੂੰ ਸਿਰੋਪਾ ਤੇ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਸਮੇਂ ਗੁਰਦੁਆਰਾ ਪਾਤਸ਼ਾਹੀ ਛੇਵੀਂ ਮੰਡੀ ਗੋਬਿੰਦਗੜ੍ਹ ਵਿਖੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਭਾਈ ਮਰਦਾਨਾ ਸੇਵਾ ਸੁਸਾਇਟੀ ਗੋਲਡਨ ਐਵਨਿਊ ਕਿ?ਰਸ਼ਨਾ ਨਗਰ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਗੁਰਮਤਿ ਸਮਾਗਮ ਮੌਕੇ ਸਨਮਾਨਿਤ ਕੀਤਾ ਗਿਆ। ਸ਼?ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਨੇ ਸ਼?ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਹੋਰ ਵੀ ਅਣਗਿਣਤ ਸਿੰਘ ਸਭਾਵਾਂ, ਸਭਾ ਸੁਸਾਇਟੀਆਂ, ਸਿੱਖ ਜਥੇਬੰਦੀਆਂ ਨੇ ਗੋਲਡ ਮੈਡਲਾਂ, ਸਨਮਾਨ ਚਿੰਨ੍ਹਾਂ ਤੇ ਯਾਦਗਾਰੀ ਮੋਮੈਂਟੋਆਂ ਨਾਲ ਸਨਮਾਨਿਤ ਕੀਤਾ ਹੈ।

ਮਹੰਤ ਸੁਰਿੰਦਰ ਸਿੰਘ ਜੀ 'ਸੇਵਾਪੰਥੀ' ਦੀ ਸਰਪ੍ਰਸਤੀ ਹੇਠ ਮਹੰਤ ਦਇਆ ਸਿੰਘ ਜੀ ਦੀ ਯਾਦ ਵਿੱਚ ਸਾਲਾਨਾ ਯੱਗ-ਸਮਾਗਮ ਨਵੰਬਰ ਮਹੀਨੇ ਵਿੱਚ ਡੇਰਾ ਮਿੱਠਾ ਟਿਵਾਣਾ ਚੌਂਕ ਬਾਬਾ ਸਾਹਿਬ ਸ਼?ਰੀ ਅੰਮ੍ਰਿਤਸਰ ਵਿਖੇ ਬੜੇ ਪੇ?ਮ, ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਪੰਥ ਦੇ ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ, ਸੰਤ-ਮਹੰਤ ਅੰਮ੍ਰਿਤਮਈ ਬਾਣੀ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ। ਸੰਗਰਾਂਦ ਅਤੇ ਦਸਾਂ ਪਾਤਸ਼ਾਹੀਆਂ ਦੇ ਗੁਰਪੁਰਬ ਬੜੀ ਧੂਮਧਾਮ ਨਾਲ ਮਨਾਏ ਜਾਂਦੇ ਹਨ। ਡੇਰਾ ਮਿੱਠਾ ਟਿਵਾਣਾ ਵਿਖੇ ਗੁਰਬਾਣੀ, ਗੁਰਮਤਿ, ਗੁਰਸਿੱਖੀ ਦੇ ਪ੍ਰਚਾਰ ਦੇ ਨਾਲ-ਨਾਲ ਗੁਰੂ ਕਾ ਲੰਗਰ, ਰਾਹੀਆਂ-ਪਾਂਧੀਆਂ ਲਈ ਆਰਾਮ ਅਤੇ ਟਹਿਲ ਸੇਵਾ ਦਾ ਪ੍ਰਬੰਧ ਹੈ। ਇਹਨਾਂ ਸਤਰਾਂ ਦੇ ਲੇਖਕ ਵੱਲੋਂ ਮਹੰਤ ਸੁਰਿੰਦਰ ਸਿੰਘ ਜੀ 'ਸੇਵਾਪੰਥੀ' ਨੂੰ 54ਵੇਂ ਜਨਮ-ਦਿਨ ਦੀਆਂ ਲੱਖ-ਲੱਖ ਵਧਾਈਆਂ।

**ਕਰਨੈਲ ਸਿੰਘ ਐੱਮ.ਏ.**
**#1138/63-ਏ, ਗੁਰੂ ਤੇਗ਼ ਬਹਾਦਰ ਨਗਰ**
**ਗਲੀ ਨੰਬਰ-1, ਚੰਡੀਗੜ੍ਹ ਰੋਡ**
**ਜਮਾਲਪੁਰ, ਲੁਧਿਆਣਾ**



publisher/chief Editor
**Aman Mehra**
lok bani (news Paper)
lokbani08@gmail.com
www.lokbani.com
**mob:99155-94111**

**Head Office:**
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

